## ਅਧਿਆਇ 35

# ਲੇਵੀਆਂ ਦੇ ਅਠਤਾਲੀ ਨਗਰ

ਇਸ ਅਧਿਆਇ ਵਿਚ ਜ਼ੋਰ ਇਸਰਾਏਲ ਦੀ ਧਰਤੀ ਦੀ ਮਿਲਖ ਤੇ ਰਹਿੰਦਾ ਹੈ। ਕਿਉਂਕਿ ਦੂਜਿਆਂ ਗੋਤਾਂ ਦੇ ਵਾਂਗ ਲੇਵੀ ਦੇ ਗੋਤ ਨੂੰ ਧਰਤੀ ਦਾ ਅਨੁਦਾਨ ਨਹੀਂ ਸੀ ਮਿਲਿਆ, ਉਨ੍ਹਾਂ ਨੂੰ ਅਠਤਾਲੀ ਨਗਰ ਦਿੱਤੇ ਜਾਣੇ ਸਨ, ਉਸ ਜ਼ਮੀਨ ਦੇ ਨਾਲ ਜੋ ਹਰ ਨਗਰ ਦੇ ਆਲੇ-ਦੁਆਲੇ ਸੀ। ਇਨ੍ਹਾਂ ਵਿੱਚੋਂ ਛੇ ਨਗਰ "ਪਨਾਹ ਦੇ ਨਗਰ" ਹੋਣਗੇ। ਪਰਮੇਸ਼ੁਰ ਦਾ ਕਾਨੂੰਨ ਜਾਣਬੁੱਝ ਕੇ ਕਿਸੇ ਨੂੰ ਮਾਰਨ ਅਤੇ ਕਤਲ ਵਿਚਕਾਰ ਫ਼ਰਕ ਨੂੰ ਦਰਸਾਉਂਦਾ ਸੀ। ਕੋਈ ਵੀ ਵਿਅਕਤੀ ਜਿਸ ਨੇ ਕਿਸੇ ਨੂੰ ਸੰਜੋਗ ਨਾਲ ਮਾਰ ਦਿੱਤਾ ਸੀ ਉਹ ਉਸ ਵਿਅਕਤੀ ਦੇ ਜਿਸ ਨੂੰ ਉਸ ਨੇ ਸੰਜੋਗ ਨਾਲ ਮਾਰ ਦਿੱਤਾ ਸੀ ਨੇੜਲੇ ਰਿਸ਼ਤੇਦਾਰ ਦੇ ਬਦਲੇ ਤੋਂ ਬਚਣ ਦੇ ਲਈ ਨੱਠ ਕੇ ਪਨਾਹ ਦੇ ਨਗਰ ਵਿਚ ਜਾ ਸਕਦਾ ਸੀ। ਨਿਰਦੋਸ਼ ਵਿਅਕਤੀ ਇਨ੍ਹਾਂ ਨਗਰਾਂ ਵਿੱਚੋਂ ਕਿਸੇ ਇਕ ਨਗਰ ਵਿਚ ਪਵਿੱਤਰ ਅਸਥਾਨ ਲੱਭ ਸਕਦਾ ਸੀ ਅਤੇ ਪਰਧਾਨ ਜਾਜਕ ਦੀ ਮੌਤ ਦੇ ਬਾਅਦ ਆਪਣੇ ਘਰ ਵਾਪਸ ਜਾ ਸਕਦਾ ਸੀ।

ਇਸ ਅਧਿਆਇ ਨੂੰ ਚਾਰ ਭਾਗਾਂ ਵਿਚ ਯੋਜਨਾਬੱਧ ਤਰੀਕੇ ਨਾਲ ਸੰਗਠਿਤ ਕੀਤਾ ਗਿਆ ਹੈ ਅਤੇ ਹਰ ਇਕ ਭਾਗ ਤਰਕ ਨਾਲ ਅਗਲੇ ਭਾਗ ਦੇ ਵੱਲ ਲੈ ਕੇ ਜਾਂਦਾ ਹੈ:

- **35:1-8** ਲੇਵੀਆਂ ਨੂੰ ਸਾਰੇ ਗੋਤਾਂ ਕੋਲੋਂ ਅਠਤਾਲੀ ਨਗਰ ਪ੍ਰਾਪਤ ਹੋਣੇ ਸਨ ਜਿਨ੍ਹਾਂ ਵਿੱਚੋਂ ਛੇ ਨਗਰਾਂ ਨੂੰ ਪਨਾਹ ਦੇ ਨਗਰ ਨਿਯੁਕਤ ਕੀਤਾ ਗਿਆ ਸੀ।
- **35:9-15** ਛੇ ਪਨਾਹ ਦੇ ਨਗਰਾਂ ਬਾਰੇ ਵੇਰਵੇ।
- **35:16-25** ਪਨਾਹ ਦੇ ਨਗਰਾਂ ਵਿਚ ਖ਼ੂਨੀਆਂ (ਜਿਹੜੇ ਅਣਜਾਣੇ ਵਿਚ ਕਿਸੇ ਨੂੰ ਮਾਰ ਦਿੰਦੇ ਹਨ) ਨੂੰ ਕਾਤਲਾਂ ਤੋਂ ਵੱਖਰਾ ਦਰਸਾਉਣ ਦੇ ਲਈ ਨਿਆਈਆਂ ਦੀ ਮਦਦ ਕਰਨ ਦੇ ਲਈ ਨਿਯਮ।
- **35:25-34** ਪਨਾਹ ਦੇ ਨਗਰਾਂ ਵਿਚ ਨਿਆਈਆਂ ਦੁਆਰਾ ਕੀਤੇ ਗਏ ਫ਼ੈਸਲੇ ਦੇ ਨਤੀਜੇ। ਇਹ ਖ਼ੂਨੀ ਅਤੇ ਕਾਤਲ ਦੋਹਾਂ ਦੇ ਲਈ ਦੱਸੇ ਗਏ ਹਨ।

ਹੇਠਾਂ ਦਿੱਤੀ ਗਈ ਚਰਚਾ ਇਨ੍ਹਾਂ ਬਿਧੀਆਂ ਅਤੇ ਉਨ੍ਹਾਂ ਦੀ ਮਹੱਤਤਾ ਤੇ ਵਿਚਾਰ ਕਰੇਗੀ।

## ਲੇਵੀਆਂ ਦੇ ਨਗਰਾਂ ਬਾਰੇ (35:1-8)

**1 ਫੇਰ ਯਹੋਵਾਹ ਮੋਆਬ ਦੇ ਮਦਾਨ ਵਿੱਚ ਯਰਦਨ ਉੱਤੇ ਯਰੀਹੋ ਦੇ ਕੋਲ ਮੂਸਾ ਨੂੰ
ਬੋਲਿਆ, 2 ਇਸਰਾਏਲੀਆਂ ਨੂੰ ਹੁਕਮ ਦੇਹ ਕਿ ਓਹ ਲੇਵੀਆਂ ਨੂੰ ਆਪਣੇ ਕਬਜ਼ੇ ਦੀ ਮਿਲਖ
ਵਿੱਚੋਂ ਰਹਿਣ ਲਈ ਨਗਰ ਦੇਣ, ਨਾਲੇ ਨਗਰਾਂ ਦੇ ਦੁਆਲੇ ਦੀ ਸ਼ਾਮਲਾਤ ਲੇਵੀਆਂ ਨੂੰ ਦੇਣ।
3 ਨਗਰ ਉਨ੍ਹਾਂ ਦੇ ਰਹਿਣ ਲਈ ਅਤੇ ਸ਼ਾਮਲਾਤ ਉਨ੍ਹਾਂ ਦੇ ਪਸ਼ੂਆਂ ਲਈ, ਉਨ੍ਹਾਂ ਦੇ ਲਕੇ ਤੁਕੇ
ਲਈ ਅਤੇ ਉਨ੍ਹਾਂ ਦੇ ਮਾਲ ਡੰਗਰ ਲਈ ਹੋਵੇ। 4 ਅਤੇ ਨਗਰਾਂ ਦੀ ਸ਼ਾਮਲਾਤ ਜਿਹੜੀ ਤੁਸੀਂ**

**ਲੇਵੀਆਂ ਨੂੰ ਦਿਓ ਨਗਰ ਦੀਆਂ ਕੰਧਾਂ ਤੋਂ ਲੈਕੇ ਬਾਹਰ ਵੱਲ ਆਲੇ ਦੁਆਲੇ ਇੱਕ ਇੱਕ ਹਜ਼ਾਰ ਹੱਥ ਹੋਵੇ। [5]ਤੁਸੀਂ ਨਗਰ ਤੋਂ ਬਾਹਰ ਪੂਰਬ ਦੇ ਪਾਸੇ ਵੱਲ ਦੋ ਹਜ਼ਾਰ ਹੱਥ ਮਿਣੋ, ਦੱਖਣ ਦੇ ਪਾਸੇ ਵੱਲ ਦੋ ਹਜ਼ਾਰ ਹੱਥ, ਲਹਿੰਦੇ ਪਾਸੇ ਵੱਲ ਦੋ ਹਜ਼ਾਰ ਹੱਥ ਅਤੇ ਉੱਤਰ ਦੇ ਪਾਸੇ ਵੱਲ ਦੋ ਹਜ਼ਾਰ ਹੱਥ ਅਤੇ ਨਗਰ ਵਿਚਕਾਰ ਹੋਵੇ। ਏਹ ਉਨ੍ਹਾਂ ਦੇ ਨਗਰਾਂ ਦੀਆਂ ਸ਼ਾਮਲਾਤਾਂ ਹੋਣ। [6]ਜਿਹੜੇ ਨਗਰ ਤੁਸੀਂ ਲੇਵੀਆਂ ਨੂੰ ਦਿਓਗੇ ਓਹ ਛੇ ਪਨਾਹ ਦੇ ਨਗਰ ਹੋਣ ਜਿਨ੍ਹਾਂ ਨੂੰ ਤੁਸੀਂ ਖ਼ੂਨੀ ਦੇ ਨੱਠ ਜਾਣ ਲਈ ਠਹਿਰਾਓ ਅਤੇ ਉਨ੍ਹਾਂ ਤੋਂ ਬਿਨਾ ਤੁਸੀਂ ਬਤਾਲੀ ਨਗਰ ਹੋਰ ਦਿਓ। [7]ਸੋ ਸਾਰੇ ਨਗਰ ਜਿਹੜੇ ਤੁਸੀਂ ਲੇਵੀਆਂ ਨੂੰ ਦਿਓ ਅਠਤਾਲੀ ਨਗਰ ਹੋਣ। ਨਗਰ ਸ਼ਾਮਲਾਤ ਸਣੇ ਹੋਣ। [8]ਅਤੇ ਓਹ ਨਗਰ ਜਿਹੜੇ ਤੁਸੀਂ ਇਸਰਾਏਲੀਆਂ ਦੀ ਮਿਲਖ ਤੋਂ ਦੇਣੇ ਓਹ ਬਹੁਤਿਆਂ ਵਿੱਚੋਂ ਬਹੁਤੇ ਅਤੇ ਥੋੜ੍ਹਿਆਂ ਵਿੱਚੋਂ ਥੋੜ੍ਹੇ ਦਿਓ। ਹਰ ਇੱਕ ਆਪਣੀ ਮਿਲਖ ਅਨੁਸਾਰ ਜਿਹੜੀ ਉਹ ਨੂੰ ਮਿਲੀ ਹੈ ਆਪਣੇ ਨਗਰਾਂ ਵਿੱਚੋਂ ਲੇਵੀਆਂ ਨੂੰ ਦੇਵੇ।**

**ਆਇਤਾਂ 1, 2.** ਜਦੋਂ ਇਸਰਾਏਲੀ **ਮੋਆਬ ਦੇ ਮਦਾਨ ਵਿੱਚ ਯਰਦਨ ਉੱਤੇ ਯਰੀਹੋ ਦੇ ਕੋਲ** ਸਨ ਤਾਂ ਪਰਮੇਸ਼ੁਰ **ਮੂਸਾ ਨੂੰ ਬੋਲਿਆ** ਅਤੇ ਉਸ ਨੂੰ ਲੇਵੀਆਂ ਦੇ ਨਗਰਾਂ ਬਾਰੇ ਖ਼ਾਸ ਹੁਕਮ ਦਿੱਤੇ। **ਇਸਰਾਏਲੀਆਂ** ਨੇ **ਲੇਵੀਆਂ ਨੂੰ ... ਰਹਿਣ ਦੇ ਲਈ ਨਗਰ ਦੇਣੇ** ਸਨ। ਇਹ ਨਗਰ **ਉਨ੍ਹਾਂ ਦੀ ਮਿਲਖ** [ਗੋਤ] **ਵਿੱਚੋਂ** ਆਉਣੇ ਸਨ। ਉਨ੍ਹਾਂ ਦੇ ਇਲਾਕਿਆਂ ਵਿੱਚੋਂ, ਇਕ ਖਾਸ ਹਿੱਸਾ **ਲੇਵੀਆਂ ਨੂੰ** ਦਿੱਤਾ ਜਾਣਾ ਸੀ, ਨਾਲੇ ਉਨ੍ਹਾਂ ਦੇ ਨਗਰਾਂ ਦੇ ਆਲੇ-ਦੁਆਲੇ ਦੇ **ਸ਼ਾਮਲਾਤ**। ਲੇਵੀਆਂ ਬਾਰੇ ਹਦਾਇਤਾਂ ਹੋਰ ਗੋਤਾਂ ਬਾਰੇ ਹਦਾਇਤਾਂ ਦਾ ਨਿਯਮਿਤ ਰੂਪ ਵਿਚ ਪਾਲਣ ਕਰਦੀਆਂ ਹਨ (ਵੇਖੋ 1:47-54 ਬਾਅਦ ਵਿਚ 1:1-46; 3:1-49 ਬਾਅਦ ਵਿਚ ਅਧਿਆਇ 2; 26:57-62 ਬਾਅਦ ਵਿਚ 26:1-56)। ਉਹੀ ਇੱਥੇ ਸੱਚ ਹੈ: ਹੋਰ ਗੋਤਾਂ ਨੂੰ ਧਰਤੀ ਦੀ ਵੰਡ ਬਾਰੇ ਟਿੱਪਣੀਆਂ ਤੋਂ ਬਾਅਦ, ਲੇਵੀ ਦੇ ਗੋਤ ਦੀ ਚਰਚਾ ਕੀਤੀ ਗਈ ਹੈ।[1] ਇਨ੍ਹਾਂ ਨਗਰਾਂ ਦੀ ਲੋੜ ਸੀ ਕਿਉਂਕਿ ਇਕ ਗੋਤ ਦੇ ਰੂਪ ਵਿਚ ਲੇਵੀਆਂ ਨੂੰ ਕਨਾਨ ਵਿਚ ਧਰਤੀ ਦਾ ਹਿੱਸਾ ਨਹੀਂ ਸੀ ਮਿਲਿਆ ਜਿਵੇਂ ਕਿ ਦੂਜੇ ਗੋਤਾਂ ਨੂੰ ਮਿਲਿਆ ਸੀ (ਵੇਖੋ 18:20-24; 26:62)।

ਦੂਜੇ ਗੋਤਾਂ ਦੇ ਵਾਂਗ ਲੇਵੀਆਂ ਨੂੰ ਧਰਤੀ ਦਾ ਹਿੱਸਾ ਕਿਉਂ ਨਹੀਂ ਸੀ ਮਿਲਿਆ? ਸ਼ਾਇਦ ਪਰਮੇਸ਼ੁਰ ਚਾਹੁੰਦਾ ਸੀ ਕਿ ਲੇਵੀ ਜਿਹੜੇ ਉਸ ਦੇ ਪ੍ਰਤੀ ਸਮਰਪਿਤ ਹੋਣਗੇ ਪੂਰੀ ਧਰਤੀ ਤੇ ਰਹਿਣ ਤਾਂ ਕਿ ਉਹ ਬਾਕੀ ਦੇ ਗੋਤਾਂ ਦੇ ਲਈ ਇਕ ਚੰਗਾ ਪ੍ਰਭਾਵ ਬਣ ਸਕਣ; ਜਾਂ ਸ਼ਾਇਦ ਗੋਤਾਂ ਵਿਚ ਲੇਵੀਆਂ ਨੂੰ ਖਿੰਡਾਉਣਾ ਇਸਰਾਏਲ ਦੀ ਧਾਰਮਿਕ ਏਕਤਾ ਅਤੇ ਹਦਾਇਤ ਨੂੰ ਬਰਕਰਾਰ ਰੱਖਣ ਵਿਚ ਮਦਦ ਕਰਨ ਦਾ ਪਰਮੇਸ਼ੁਰ ਦਾ ਤਰੀਕਾ ਸੀ।[2]

**ਆਇਤ 3. ਨਗਰ** ਨਾ ਸਿਰਫ ਲੇਵੀਆਂ ਨੂੰ **ਰਹਿਣ ਲਈ** ਇਕ ਥਾਂ ਦੇਣਗੇ, ਪਰ ਉਨ੍ਹਾਂ **ਕੋਲ ਪਸ਼ੂਆਂ ਲਈ, ਉਨ੍ਹਾਂ ਦੇ ਲਕੇ ਤੁਕੇ ਲਈ ਅਤੇ ਉਨ੍ਹਾਂ ਦੇ ਮਾਲ ਡੰਗਰ ਲਈ ਸ਼ਾਮਲਾਤ** ਵੀ ਹੋਣਗੇ। ਇਸ ਤਰੀਕੇ ਨਾਲ ਉਨ੍ਹਾਂ ਪਸ਼ੂਆਂ ਦੇ ਰਾਹੀਂ ਸਹਿਯੋਗ - ਉਨ੍ਹਾਂ ਦਸਵੰਧਾਂ ਨੂੰ ਪੂਰਾ ਕਰਨ ਦੇ ਲਈ ਜੋ ਉਨ੍ਹਾਂ ਨੂੰ ਦੂਜੇ ਗੋਤਾਂ ਕੋਲੋਂ ਮਿਲਣਾ ਸੀ - ਦਿੱਤਾ ਜਾਵੇਗਾ ਜਿਨ੍ਹਾਂ ਦਾ ਉਹ ਉਨ੍ਹਾਂ ਦੇ ਨਗਰਾਂ ਦੇ ਆਲੇ-ਦੁਆਲੇ ਸ਼ਾਮਲਾਤਾਂ ਤੇ ਪਾਲਣ ਪੋਸ਼ਣ ਕਰ ਸਕਦੇ ਸਨ।

**ਆਇਤਾਂ 4, 5. ਸ਼ਾਮਲਾਤ** ਜੋ **ਲੇਵੀਆਂ** ਦੇ ਸਨ ਉਨ੍ਹਾਂ ਨੇ ਹਰ ਦਿਸ਼ਾ ਵਿਚ ਨਗਰ ਦੇ ਕੇਂਦਰ ਤੋਂ **ਇੱਕ ਹਜ਼ਾਰ ਹੱਥ** (ਲਗਭਗ 1,500 ਫੁੱਟ) ਫੈਲਣਾ ਸੀ। ਹਰੇਕ ਨਗਰ ਨੇ ਜਾਇਦਾਦ **ਦੇ ਹਰ ਪਾਸੇ ਵੱਲ - ਪੂਰਬ, ਦੱਖਣ, ਲਹਿੰਦੇ** ਅਤੇ **ਉੱਤਰ** ਵਾਲੇ ਪਾਸੇ **ਦੋ ਹਜ਼ਾਰ ਹੱਥ**[3] (ਲਗਭਗ 3,000 ਫੁੱਟ) ਦਾ ਇਕ ਚੌਕੋਰ ਬਣਾਉਣਾ ਸੀ।[4] ਫਿਰ, **ਨਗਰ** ਵੰਡ ਦੀ ਧਰਤੀ ਦੇ **ਵਿਚਕਾਰ** ਹੋਣਾ ਸੀ ਅਤੇ ਆਲੇ-ਦੁਆਲੇ ਦੇ ਇਲਾਕੇ ਨੇ **ਨਗਰਾਂ ਦੀਆਂ ਸ਼ਾਮਲਾਤਾਂ ਹੋਣਾ** ਸੀ।

**ਆਇਤਾਂ 6, 7.** ਇਹ **ਛੇ ਨਗਰ** ਜੋ **ਲੇਵੀਆਂ** ਦੇ ਲਈ ਵੱਖਰੇ ਕੀਤੇ ਗਏ ਸਨ ਉਨ੍ਹਾਂ **ਪਨਾਹ**

**ਦੇ ਨਗਰ** ਦੇ ਰੂਪ ਵਿਚ ਕੰਮ ਕਰਨਾ ਸੀ ਜਿਨ੍ਹਾਂ ਵਿਚ **ਖ਼ੂਨੀ** ਨੱਠ ਕੇ ਜਾ ਸਕਦਾ ਸੀ। ਪਨਾਹ ਦੇ ਇਨ੍ਹਾਂ ਨਗਰਾਂ **ਤੋਂ ਬਿਨਾ**, ਗੋਤਾਂ ਨੇ ਲੇਵੀਆਂ ਨੂੰ **ਬਤਾਲੀ** ਨਗਰ ਹੋਰ ਦੇਣੇ ਸਨ ਜਿਨ੍ਹਾਂ ਨਾਲ ਨਗਰਾਂ ਦੀ ਕੁੱਲ ਗਿਣਤੀ **ਅਠਤਾਲੀ** ਹੋ ਜਾਣੀ ਸੀ ਅਤੇ ਹਰ ਇੱਕ ਕੋਲ ਆਪਣੀ **ਸ਼ਾਮਲਾਤ** ਵੀ ਹੋਣੀ ਸੀ। ਇਹ ਸਾਰੇ ਨਗਰ ਅਤੇ ਉਨ੍ਹਾਂ ਦੇ ਟਿਕਾਣੇ ਯਹੋਸ਼ੁਆ 21 ਵਿਚ ਦਿੱਤੇ ਗਏ ਹਨ।

**ਆਇਤ 8.** ਵੱਖ-ਵੱਖ ਗੋਤਾਂ ਦੁਆਰਾ **ਲੇਵੀਆਂ ਨੂੰ** ਦਿੱਤੇ ਗਏ **ਨਗਰਾਂ** ਦੀ ਗਿਣਤੀ ਗੋਤ ਦੇ ਆਕਾਰ ਅਤੇ ਇਸ ਦੇ ਇਲਾਕੇ ਦੁਆਰਾ ਨਿਰਧਾਰਤ ਕੀਤੀ ਜਾਣੀ ਸੀ। **ਬਹੁਤਿਆਂ** ਗੋਤਾਂ ਨੂੰ **ਬਹੁਤੇ** ਦੇਣਾ ਜ਼ਰੂਰੀ ਸੀ, ਜਦ ਕਿ **ਥੋੜ੍ਹਿਆਂ** ਨੇ **ਥੋੜ੍ਹਾ** ਦੇਣਾ ਸੀ, ਪਰ **ਹਰ** ਇਕ ਗੋਤ ਦੇ ਲਈ **ਆਪਣੀ ਮਿਲਖ ਅਨੁਸਾਰ ਜਿਹੜੀ ਉਹ ਨੂੰ ਮਿਲੀ ਸੀ ਆਪਣੇ ਨਗਰਾਂ ਵਿੱਚੋਂ ਲੇਵੀਆਂ ਨੂੰ ਦੇਣਾ** ਜ਼ਰੂਰੀ ਸੀ।

## ਪਨਾਹ ਦੇ ਨਗਰਾਂ ਬਾਰੇ (35:9-15)

**9ਯਹੋਵਾਹ ਮੂਸਾ ਨੂੰ ਬੋਲਿਆ, 10ਇਸਰਾਏਲੀਆਂ ਨਾਲ ਗੱਲ ਕਰ ਅਤੇ ਉਨ੍ਹਾਂ ਨੂੰ ਆਖ,**
**ਜਦ ਤੁਸੀਂ ਕਨਾਨ ਦੇਸ ਨੂੰ ਯਰਦਨ ਪਾਰ ਲੰਘੋ, 11ਤਾਂ ਤੁਸੀਂ ਆਪਣੇ ਲਈ ਨਗਰ ਠਹਿਰਾਓ**
**ਜਿਹੜੇ ਤੁਹਾਡੇ ਲਈ ਪਨਾਹ ਦੇ ਨਗਰ ਹੋਣ ਜਿੱਥੇ ਖ਼ੂਨੀ ਨੱਠ ਜਾਵੇ ਜਿਸ ਵਿੱਸਰ ਭੋਲੇ ਕਿਸੇ**
**ਪ੍ਰਾਣੀ ਨੂੰ ਮਾਰਿਆ ਹੋਵੇ। 12ਅਤੇ ਏਹ ਨਗਰ ਤੁਹਾਡੇ ਲਈ ਬਦਲਾ ਲੈਣ ਵਾਲੇ ਤੋਂ ਪਨਾਹ**
**ਲਈ ਹੋਣ ਤਾਂ ਜੋ ਖ਼ੂਨੀ ਮਰ ਨਾ ਜਾਵੇ ਜਿੰਨਾ ਚਿਰ ਉਹ ਮੰਡਲੀ ਦੇ ਅੱਗੇ ਨਿਆਉਂ ਲਈ**
**ਖੜਾ ਨਾ ਕੀਤਾ ਜਾਵੇ। 13ਅਤੇ ਜਿਹੜੇ ਨਗਰ ਤੁਸੀਂ ਦਿਓ ਓਹ ਤੁਹਾਡੇ ਲਈ ਛੇ ਪਨਾਹ ਦੇ**
**ਨਗਰ ਹੋਣ। 14ਤਿੰਨ ਨਗਰ ਯਰਦਨ ਤੋਂ ਪਾਰ ਅਤੇ ਤਿੰਨ ਨਗਰ ਕਨਾਨ ਦੇਸ ਵਿੱਚ**
**ਠਹਿਰਾਓ ਅਤੇ ਓਹ ਪਨਾਹ ਦੇ ਨਗਰ ਹੋਣ। 15ਇਸਰਾਏਲੀਆਂ ਲਈ, ਪਰਦੇਸੀ ਲਈ ਅਤੇ**
**ਉਸ ਲਈ ਜਿਹੜਾ ਉਨ੍ਹਾਂ ਵਿੱਚ ਵੱਸਦਾ ਹੋਵੇ ਏਹ ਛੇ ਨਗਰ ਪਨਾਹ ਲਈ ਹੋਣ ਤਾਂ ਜੋ ਜੇ**
**ਕੋਈ ਕਿਸੇ ਪ੍ਰਾਣੀ ਨੂੰ ਵਿੱਸਰ ਭੋਲੇ ਮਾਰ ਛੱਡੇ ਉਹ ਉੱਥੇ ਨੱਠ ਜਾਵੇ।**

**ਆਇਤਾਂ 9-11.** ਪਰਮੇਸ਼ੁਰ ਨੇ ਛੇ **ਪਨਾਹ ਦੇ ਨਗਰਾਂ** ਬਾਰੇ ਖਾਸ ਹਦਾਇਤਾਂ ਦਿੱਤੀਆਂ ਸਨ (ਵੇਖੋ ਕੂਚ 21:12, 13; ਬਿਵਸਥਾ ਸਾਰ 4:41-43; 19:1-13; ਯਹੋਸ਼ੁਆ 20)। ਇਨ੍ਹਾਂ ਨਗਰਾਂ ਦਾ ਉਦੇਸ਼ **ਖ਼ੂਨੀ** ਨੂੰ ਪਨਾਹ ਦੇਣਾ ਸੀ। ਉਹ ਜਿਸ ਨੇ **ਵਿੱਸਰ ਭੋਲੇ ਕਿਸੇ ਪ੍ਰਾਣੀ ਨੂੰ ਮਾਰਿਆ ਹੋਵੇ** ਸੁਰੱਖਿਆ ਦੇ ਲਈ ਇਨ੍ਹਾਂ ਨਗਰਾਂ ਵਿੱਚੋਂ ਕਿਸੇ ਇਕ ਵਿਚ **ਨੱਠ** ਕੇ ਜਾ ਸਕਦਾ ਸੀ।

**ਆਇਤ 12. ਖ਼ੂਨੀ** ਜਿਹੜਾ ਇਨ੍ਹਾਂ **ਨਗਰਾਂ** ਵਿੱਚੋਂ ਕਿਸੇ ਇਕ ਨਗਰ ਵਿਚ **ਪਨਾਹ ਲੈ** ਲੈਂਦਾ ਸੀ **ਬਦਲਾ ਲੈਣ ਵਾਲੇ** (גֹּאֵל, *ਗੋਏਲ)* ਤੋਂ ਸੁਰੱਖਿਅਤ ਹੁੰਦਾ ਸੀ। ਪੁਰਾਣੇ ਨੇਮ ਵਿਚ, ਸ਼ਬਦ *ਗੋਏਲ* ਇਕ ਨੇੜੇ ਦੇ ਪੁਰਸ਼ ਰਿਸ਼ਤੇਦਾਰ (ਛੁਡਾਉਣ ਵਾਲਾ ਰਿਸ਼ਤੇਦਾਰ) ਦਾ ਹਵਾਲਾ ਦਿੰਦਾ ਹੈ ਜਿਸ ਦੀਆਂ ਕਈ ਜ਼ਿੰਮੇਵਾਰੀਆਂ ਹੁੰਦੀਆਂ ਸਨ ਜਿਨ੍ਹਾਂ ਵਿਚ ਸ਼ਾਮਲ ਸਨ: (1) ਉਹ ਜਾਇਦਾਦ ਖਰੀਦਣਾ ਜਿਹੜੀ ਪਰਿਵਾਰ ਦੇ ਕੰਗਾਲ ਮੈਂਬਰ ਦੁਆਰਾ ਵੇਚੀ ਗਈ ਸੀ (ਲੇਵੀਆਂ 25:25), (2) ਗੁਲਾਮੀ ਵਿੱਚੋਂ ਪਰਿਵਾਰਕ ਮੈਂਬਰ ਨੂੰ ਖਰੀਦਣਾ (ਲੇਵੀਆਂ 25:48), (3) ਉਹ ਪੈਸੇ ਪ੍ਰਾਪਤ ਕਰਨਾ ਜੋ ਪਰਿਵਾਰ ਦਾ ਮ੍ਰਿਤਕ ਮੈਂਬਰ ਦੇਣਦਾਰ ਸੀ (ਗਿਣਤੀ 5:8) ਅਤੇ (4) ਭਾਬੀ-ਦਿਓਰ ਦਾ ਵਿਆਹ ਕਰਵਾਉਣਾ (ਰੂਥ 3:13)। ਇਸ ਸੰਦਰਭ ਵਿਚ, *ਗੋਏਲ* "ਬਦਲਾ ਲੈਣ ਵਾਲੇ" - ਅਰਥਾਤ "ਖ਼ੂਨ ਦਾ ਬਦਲਾ ਲੈਣ ਵਾਲੇ" ਦੀ ਭੂਮਿਕਾ ਨਿਭਾਉਂਦਾ ਹੈ (35:19, 21, 24, 25, 27)।

ਬਦਲਾ ਲੈਣ ਵਾਲਾ ਉਸ ਦਾ ਸਭ ਤੋਂ ਨੇੜੇ ਦਾ ਪੁਰਸ਼ ਰਿਸ਼ਤੇਦਾਰ ਹੁੰਦਾ ਸੀ ਜਿਸ ਨੂੰ ਮਾਰਿਆ ਗਿਆ ਸੀ; ਮਾਰਨ ਵਾਲੇ ਨੂੰ ਮਾਰ ਕੇ ਉਸ ਦੇ ਮ੍ਰਿਤਕ ਰਿਸ਼ਤੇਦਾਰ ਦਾ ਬਦਲਾ ਲੈਣ ਦੀ ਜ਼ਿੰਮੇਵਾਰੀ ਉਸ ਦੀ ਹੁੰਦੀ ਸੀ। ਅਜਿਹੀ ਵਿਵਸਥਾ ਨੂੰ ਨਿੱਜੀ ਬਦਲਾ ਲੈਣ ਦੀ ਪ੍ਰਵਾਨਗੀ ਦੇ ਰੂਪ ਨਹੀਂ ਸਮਝਿਆ ਜਾਣਾ ਚਾਹੀਦਾ - ਜਿਵੇਂ ਕਿ ਵਿਅਕਤੀਗਤ ਬਦਲਾ ਲੈਣ ਦੇ ਲਈ "ਅੱਖ ਦੇ ਬਦਲੇ ਅੱਖ" ਜਿਸ ਦੀ ਵਕਾਲਤ ਯਿਸੂ ਦੇ ਜ਼ਮਾਨੇ ਵਿਚ ਸਪੱਸ਼ਟ ਤੌਰ ਤੇ ਕੁਝ ਰੱਬੀਆਂ ਦੁਆਰਾ ਕੀਤੀ ਗਈ ਸੀ। ਬਲਕਿ, ਪੁਲਿਸ ਬਲ ਦੀ ਗੈਰ-ਮੌਜੂਦਗੀ ਵਿਚ, ਬਦਲਾ ਲੈਣ ਵਾਲਾ ਖੂਨੀ ਨੂੰ ਸਜ਼ਾ ਦੇਣ ਦੇ ਲਈ ਸਮਾਜ ਦਾ ਪ੍ਰਤੀਨਿਧੀ ਹੁੰਦਾ ਸੀ। ਇੱਥੇ ਅਤੇ ਇਹੋ ਜਿਹੇ ਹੋਰਨਾਂ ਬੰਦਾਂ ਵਿਚ, ਇਸ ਰੀਤ ਨੂੰ ਲਾਗੂ ਕਰਨ ਵਾਲੀਆਂ ਬਿਧੀਆਂ ਦਾ ਉਦੇਸ਼ ਇਹ ਯਕੀਨੀ ਬਣਾਉਣਾ ਸੀ ਕਿ ਹਰੇਕ ਨਾਲ ਨਿਆਂ ਹੋਵੇ। ਇਹ ਯਕੀਨੀ ਬਣਾਉਣਾ ਕਿ "ਖੂਨ ਦਾ ਬਦਲਾ ਲੈਣ ਵਾਲੇ" ਦੀ ਭੂਮਿਕਾ (ਬਿਵਸਥਾ ਸਾਰ 19:6, 12) ਖੂਨੀ ਵਿਵਾਦ ਨਾ ਬਣ ਜਾਵੇ ਅਤੇ ਅਮਨ ਸ਼ਾਤੀ ਭੰਗ ਨਾ ਹੋਵੇ, "ਸ਼ਾਂਤ ਪੜਾਅ ਦੇ ਨਾਲ ਦੋਸ਼ੀ ਦੇ ਲਈ ਉਚਿਤ ਪ੍ਰਕਿਰਿਆ ਪ੍ਰਦਾਨ ਕਰਨ ਦੇ ਲਈ ਛੇ ਪਨਾਹ ਦੇ ਨਗਰ ਸਥਾਪਤ ਕੀਤੇ ਗਏ ਸਨ।"[5]

ਅਜਿਹੀ ਵਿਵਸਥਾ ਦੇ ਨਾਲ, ਖੂਨੀ ਤਦ ਤੱਕ ਨਹੀਂ ਸੀ ਮਰਦਾ **ਜਿੰਨਾ ਚਿਰ ਉਹ ਮੰਡਲੀ ਦੇ ਅੱਗੇ ਨਿਆਉਂ ਲਈ ਖੜਾ ਨਾ ਕੀਤਾ ਜਾਵੇ** ਅਤੇ ਦੋਸ਼ੀ ਸਾਬਤ ਨਾ ਹੋਵੇ। ਉਹ ਜਿਹੜਾ ਖੂਨ ਦੇ ਦੋਸ਼ਾਂ ਤੋਂ ਬਰੀ ਹੋ ਜਾਂਦਾ ਸੀ ਸਜ਼ਾ ਤੋਂ ਬਚ ਜਾਂਦਾ ਸੀ (ਵੇਖੋ ਯਹੋਸ਼ੁਆ 20:1-6)। ਇਹ ਵਿਵਸਥਾ ਅੱਜਕੱਲ੍ਹ ਦੇ ਲੋਕਾਂ ਨੂੰ ਅਜੀਬ ਜਾਪ ਸਕਦੀ ਹੈ, ਪਰ ਕਾਨੂੰਨ ਨੂੰ ਤੋੜਨ ਵਾਲਿਆਂ ਨੂੰ ਫੜਨ ਅਤੇ ਸਜ਼ਾ ਦੇਣ ਦੇ ਲਈ ਇਸਰਾਏਲ ਵਿਚ ਕੋਈ ਪੇਸ਼ੇਵਰ ਪੁਲਿਸ ਬਲ ਨਹੀਂ ਸੀ। ਇਸ ਲਈ, ਜਦੋਂ ਇਕ ਵਿਅਕਤੀ ਦੂਜੇ ਵਿਅਕਤੀ ਨੂੰ ਮਾਰ ਦਿੰਦਾ ਸੀ ਤਾਂ ਉਸ ਸਮੇਂ ਕੀ ਕੀਤਾ ਜਾਣਾ ਚਾਹੀਦਾ ਸੀ ਉਸ ਸਮੱਸਿਆ ਦੇ ਸੰਦਰਭ ਵਿਚ ਹੀ ਪਰਮੇਸ਼ੁਰ ਨੇ ਇਹ ਹੱਲ ਦਿੱਤਾ ਸੀ।

**ਆਇਤਾਂ 13, 14. ਛੇ ਪਨਾਹ ਦੇ ਨਗਰਾਂ** ਵਿੱਚੋਂ ਜੋ ਗੋਤਾਂ ਨੇ ਦੇਣੇ ਸਨ, **ਤਿੰਨ** ਨਗਰ **ਯਰਦਨ** ਦੇ ਪਾਰ ਚੜ੍ਹਦੇ ਪਾਸੇ ਵੱਲ ਸਨ। ਕਿਤੇ ਹੋਰ ਉਨ੍ਹਾਂ ਦੇ ਨਾਮ ਗੋਲਾਨ, ਰਾਮੋਥ ਅਤੇ ਬਸਰ ਹਨ (ਬਿਵਸਥਾ ਸਾਰ 4:41-43; ਯਹੋਸ਼ੁਆ 20:8)। ਬਾਕੀ **ਤਿੰਨ** ਜੋ **ਕਨਾਨ** ਵਿਚ ਸਥਿਤ ਸਨ ਉਹ ਸਨ ਕਾਦੇਸ਼, ਸ਼ਕਮ ਅਤੇ ਹਬਰੋਨ (ਯਹੋਸ਼ੁਆ 20:7)। ਇਹ ਛੇ ਨਗਰ ਯਰਦਨ ਦੇ ਆਪਣੇ-ਆਪਣੇ ਪਾਸਿਆਂ ਦੇ ਉੱਤਰੀ, ਕੇਂਦਰੀ ਅਤੇ ਦੱਖਣੀ ਇਲਾਕਿਆਂ ਦਾ ਵਰਣਨ ਕਰਦੇ ਸਨ। ਛੇ ਪਨਾਹ ਦੇ ਨਗਰ ਜੋ ਪੂਰੇ ਦੇਸ ਵਿਚ ਰਣਨੀਤਕ ਤੌਰ ਤੇ ਸਥਿਤ ਸਨ ਖੂਨ ਦਾ ਬਦਲਾ ਲੈਣ ਵਾਲੇ ਦਾ ਸ਼ਿਕਾਰ ਹੋਣ ਤੋਂ ਪਹਿਲਾਂ ਹੀ ਖੂਨੀ ਨੂੰ ਸਹੀ ਸਲਾਮਤ ਪਨਾਹ ਦੇ ਨਗਰ ਵਿਚ ਪਹੁੰਚਣਾ ਸੌਖਾ ਬਣਾ ਦਿੰਦੇ ਸਨ।

**ਆਇਤ 15. ਏਹ ਛੇ ਨਗਰਾਂ** ਨੇ ਕਿਸੇ ਨੂੰ ਵੀ **ਪਨਾਹ** ਦੇਣੀ ਸੀ ਜਿਹੜੇ ਦੇਸ ਵਿਚ ਰਹਿੰਦੇ ਸਨ, ਇਸਰਾਏਲੀਆਂ ਅਤੇ ਗੈਰ ਇਸਰਾਏਲੀਆਂ (**ਪਰਦੇਸੀ ਅਤੇ ਉਸ ਲਈ ਜਿਹੜਾ ਉਨ੍ਹਾਂ ਵਿੱਚ ਵੱਸਦਾ ਹੈ**) ਦੋਹਾਂ ਨੂੰ। ਜੋ ਕੋਈ ਵੀ ਜਿਸ ਨਾਲ ਕੋਈ ਅਜਿਹਾ ਹਾਦਸਾ ਹੋਇਆ ਸੀ ਜਿਸ ਦੇ ਨਤੀਜੇ ਵਜੋਂ ਕਿਸੇ ਹੋਰ ਦੀ ਮੌਤ ਹੋ ਗਈ ਸੀ ਉੱਥੇ ਨੱਠ ਕੇ ਜਾ ਸਕਦਾ ਸੀ।

ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਪਨਾਹ ਦੇ ਨਗਰ ਅਧਿਆਇ ਦਾ ਮੁਢਲਾ ਵਿਸ਼ਾ ਹੈ। ਜਦ ਕਿ ਲੇਵੀਆਂ ਦੇ ਹੋਰ ਨਗਰ ਵੀ ਮਹੱਤਵਪੂਰਣ ਸਨ, ਉਨ੍ਹਾਂ ਬਾਰੇ ਜਾਣਕਾਰੀ ਪਨਾਹ ਦੇ ਨਗਰਾਂ ਬਾਰੇ ਬਿਧੀਆਂ ਦੇ ਲਈ ਇਕ ਭੂਮਿਕਾ ਦੇ ਰੂਪ ਵਿਚ ਕੰਮ ਕਰਦੀ ਹੈ। ਅਧਿਆਇ ਵਿਚ ਬਾਕੀ ਦੀਆਂ ਬਿਧੀਆਂ ਦੱਸਦੀਆਂ ਹਨ ਕਿ ਇਨ੍ਹਾਂ ਨਗਰਾਂ ਨੇ ਕਿਵੇਂ ਕੰਮ ਕਰਨਾ ਸੀ।

## ਕਤਲ ਅਤੇ ਅਣਜਾਣਪੁਣੇ ਵਿਚ ਕਤਲ ਵਿਚਕਾਰ ਫ਼ਰਕ ਬਾਰੇ (35:16-25)

**[16]ਪਰ ਜੇ ਉਸ ਨੇ ਉਹ ਨੂੰ ਲੋਹੇ ਦੇ ਕਿਸੇ ਹਥਿਆਰ ਨਾਲ ਮਾਰਿਆ ਹੋਵੇ ਕਿ ਓਹ ਮਰ ਗਿਆ ਹੋਵੇ ਤਾਂ ਓਹ ਖ਼ੂਨੀ ਹੈ ਅਤੇ ਉਹ ਖ਼ੂਨੀ ਜਰੂਰ ਮਾਰਿਆ ਜਾਵੇ। [17]ਜਿਸ ਨੇ ਹੱਥ ਵਿੱਚ ਪੱਥਰ ਲੈ ਕੇ ਜਿਸ ਤੋਂ ਕੋਈ ਮਰ ਸੱਕੇ ਕਿਸੇ ਨੂੰ ਮਾਰਿਆ ਹੋਵੇ ਅਤੇ ਉਹ ਮਰ ਗਿਆ ਹੋਵੇ ਤਾਂ ਉਹ ਖ਼ੂਨੀ ਹੈ। ਉਹ ਖ਼ੂਨੀ ਜਰੂਰ ਮਾਰਿਆ ਜਾਵੇ। [18]ਅਥਵਾ ਜੇ ਉਸ ਨੇ ਲੱਕੜੀ ਦੇ ਹਥਿਆਰ ਨੂੰ ਹੱਥ ਵਿੱਚ ਲੈ ਕੇ ਜਿਸ ਤੋਂ ਕੋਈ ਮਰ ਸੱਕੇ ਉਹ ਨੂੰ ਮਾਰਿਆ ਹੋਵੇ ਅਤੇ ਉਹ ਮਰ ਗਿਆ ਹੋਵੇ ਤਾਂ ਉਹ ਖ਼ੂਨੀ ਹੈ। ਉਹ ਖ਼ੂਨੀ ਜਰੂਰ ਮਾਰਿਆ ਜਾਵੇ। [19]ਖ਼ੂਨ ਦਾ ਬਦਲਾ ਲੈਣ ਵਾਲਾ ਆਪ ਉਸ ਖ਼ੂਨੀ ਨੂੰ ਮਾਰੇ ਜਦ ਉਹ ਉਸ ਨੂੰ ਲੱਭੇ ਤਾਂ ਉਹ ਉਸ ਨੂੰ ਮਾਰ ਸੁੱਟੇ। [20]ਜੇ ਕੋਈ ਕਿਸੇ ਨੂੰ ਵੈਰ ਨਾਲ ਧੱਕਾ ਮਾਰੇ ਅਥਵਾ ਘਾਤ ਲਾ ਕੇ ਉਸ ਉੱਤੇ ਕੁਝ ਸੁੱਟਿਆ ਹੋਵੇ ਕਿ ਉਹ ਮਰ ਗਿਆ ਹੋਵੇ, [21]ਅਥਵਾ ਦੁਸ਼ਮਣੀ ਨਾਲ ਆਪਣੇ ਹੱਥੀਂ ਅਜੇਹਾ ਮਾਰੇ ਕਿ ਉਹ ਮਰ ਜਾਵੇ ਤਾਂ ਮਾਰਨ ਵਾਲਾ ਜਰੂਰ ਮਾਰਿਆ ਜਾਵੇ, ਉਹ ਖ਼ੂਨੀ ਹੈ। ਬਦਲਾ ਲੈਣ ਵਾਲਾ ਉਸ ਖ਼ੂਨੀ ਨੂੰ ਮਾਰ ਸੁੱਟੇ ਜਦ ਕਦੀ ਉਹ ਲੱਭੇ। [22]ਪਰ ਜੇ ਉਸ ਨੇ ਉਹ ਨੂੰ ਅਚਾਣਕ ਦੁਸ਼ਮਣੀ ਤੋਂ ਬਿਨਾ ਧੱਕਾ ਮਾਰਿਆ ਹੋਵੇ ਅਥਵਾ ਉਹ ਦੇ ਉੱਤੇ ਘਾਤ ਲਾਉਣ ਤੋਂ ਬਿਨਾ ਕੁਝ ਸੁੱਟਿਆ ਹੋਵੇ, [23]ਅਥਵਾ ਕਿਸੇ ਪੱਥਰ ਨਾਲ ਜਿਹ ਦੇ ਨਾਲ ਕੋਈ ਮਰ ਸੱਕੇ ਵੇਖੇ ਬਿਨਾ ਉਹ ਦੇ ਉੱਤੇ ਸੁੱਟਿਆ ਹੋਵੇ ਅਤੇ ਉਹ ਮਰ ਜਾਵੇ ਅਤੇ ਉਹ ਉਸ ਦਾ ਵੈਰੀ ਨਹੀਂ ਸੀ ਨਾ ਉਹ ਉਸ ਦਾ ਹਰਜਾ ਚਾਹੁੰਦਾ ਸੀ, [24]ਤਾਂ ਮੰਡਲੀ ਮਾਰਨ ਵਾਲੇ ਅਤੇ ਖ਼ੂਨ ਦਾ ਬਦਲਾ ਲੈਣ ਵਾਲੇ ਵਿੱਚ ਇਨ੍ਹਾਂ ਨਿਆਵਾਂ ਅਨੁਸਾਰ ਫ਼ੈਸਲਾ ਕਰੇ। [25]ਅਤੇ ਮੰਡਲੀ ਉਸ ਖ਼ੂਨੀ ਨੂੰ ਬਦਲਾ ਲੈਣ ਵਾਲੇ ਦੇ ਹੱਥੋਂ ਛੁਡਾ ਕੇ ਉਸ ਨੂੰ ਉਸ ਦੇ ਪਨਾਹ ਦੇ ਨਗਰ ਵਿੱਚ ਮੋੜ ਦੇਵੇ ਜਿੱਥੇ ਨੂੰ ਉਹ ਨੱਠ ਗਿਆ ਸੀ ਅਤੇ ਉਸ ਵਿੱਚ ਸਰਦਾਰ ਜਾਜਕ ਦੀ ਮੌਤ ਤੀਕ ਜਿਹੜਾ ਪਵਿੱਤ੍ਰ ਤੇਲ ਨਾਲ ਮਸਹ ਹੋਇਆ ਹੈ ਵੱਸੇ।**

**ਆਇਤਾਂ 16-21.** ਪਨਾਹ ਦੇ ਨਗਰਾਂ ਦਾ ਉਦੇਸ਼ ਕਿਸੇ ਵੀ ਵਿਅਕਤੀ ਨੂੰ ਪਨਾਹ ਦੇਣਾ ਸੀ ਜਿਸ ਨੇ ਅਣਜਾਣੇ ਵਿਚ ਕਿਸੇ ਨੂੰ ਮਾਰਿਆ ਸੀ (35:15), ਪਰ ਉਹ ਜਿਹੜੇ ਇਹੋ ਜਿਹੇ ਮਾਮਲਿਆਂ ਦਾ ਨਿਆਉਂ ਕਰਦੇ ਸਨ ਕਿਵੇਂ ਇਸ ਗੱਲ ਦਾ ਪਤਾ ਲਗਾ ਸਕਦੇ ਸਨ ਕਿ ਉਸ ਵਿਅਕਤੀ ਨੇ ਕਿਸੇ ਨੂੰ ਅਣਜਾਣੇ ਵਿਚ ਮਾਰਿਆ ਹੈ ਜਾਂ ਨਹੀਂ? ਅੱਗੇ ਆਉਣ ਵਾਲੀਆਂ ਆਇਤਾਂ ਇਸ ਸਵਾਲ ਦਾ ਜਵਾਬ ਦਿੰਦੀਆਂ ਹਨ।

ਇਸ ਗੱਲ ਦਾ ਫ਼ੈਸਲਾ ਕਰਨ ਦੇ ਲਈ ਕਿ ਉਸ ਮੌਤ ਨੂੰ ਕਤਲ ਦੇ ਰੂਪ ਵਿਚ ਸਮਝਿਆ ਜਾਵੇ ਜਾਂ ਨਹੀਂ ਦੋ ਪਹਿਲੂ ਵਰਤੇ ਜਾਂਦੇ ਸਨ। ਜਿਸ ਤਰੀਕੇ ਨਾਲ ਖ਼ੂਨ ਕੀਤਾ ਗਿਆ ਸੀ ਜ਼ਰੂਰੀ ਨਹੀਂ ਸੀ ਕਿ ਨਿਰਧਾਰਤ ਕਰਨ ਵਾਲਾ ਪਹਿਲੂ ਸੀ। ਭਾਵੇਂ ਮਨੁੱਖ ਨੇ ਕਿਸੇ ਨੂੰ **ਲੋਹੇ ਦੇ ਕਿਸੇ ਹਥਿਆਰ, ਹੱਥ ਵਿੱਚ ਪੱਥਰ ਲੈ ਕੇ, ਲੱਕੜੀ ਦੇ ਹਥਿਆਰ ਨੂੰ ਹੱਥ ਵਿੱਚ ਲੈ ਕੇ ਮਾਰਿਆ ਸੀ**, ਜਾਂ ਸਿਰਫ **ਧੱਕਾ ਮਾਰਿਆ ਜਾਂ ਉਸ ਉੱਤੇ ਕੁਝ ਸੁੱਟਿਆ ਸੀ**, ਜਾਂ **ਆਪਣੇ ਹੱਥੀਂ ਮਾਰਿਆ** ਕਿ ਉਹ ਮਰ ਗਿਆ ਸੀ, ਉਹ ਕਤਲ ਦਾ ਦੋਸ਼ੀ ਪਾਇਆ ਜਾ ਸਕਦਾ ਸੀ। ਇਹ ਫ਼ੈਸਲਾ ਕਰਨ ਦੇ ਲਈ ਕਿ ਮਾਰਿਆ ਜਾਣਾ ਕਤਲ ਸੀ ਜਾਂ ਨਹੀਂ ਉਸ ਦੇ ਇਕ ਪਹਿਲੂ ਵਿਚ ਮਾਰਨ ਵਾਲੇ ਦਾ ਉਦੇਸ਼ ਸ਼ਾਮਲ ਹੁੰਦਾ ਸੀ। ਕੀ ਉਹ ਉਸ ਵਿਅਕਤੀ ਨੂੰ ਨਫਰਤ ਕਰਦਾ ਸੀ ਜਿਸ ਨੂੰ ਉਸ ਨੇ ਮਾਰਿਆ ਸੀ? ਕੀ ਉਸ ਦੀ ਉਸ ਨਾਲ ਕੋਈ **ਦੁਸ਼ਮਣੀ** ਸੀ? ਦੂਜਾ ਪਹਿਲੂ ਮਾਰਨ ਵਾਲੇ ਦਾ ਪੂਰਵ-ਵਿਚਾਰ ਸੀ। ਕੀ ਉਹ ਆਪਣੇ ਸ਼ਿਕਾਰ ਦੇ ਲਈ ਘਾਤ ਲਾਈ ਬੈਠਾ

ਸੀ? ਜੇਕਰ ਇਹ ਦੋ ਪਹਿਲੂ ਮੌਜੂਦ ਹੁੰਦੇ ਸਨ, ਮਾਰਨ ਵਾਲੇ ਨੂੰ ਖੂਨ ਦਾ ਦੋਸ਼ੀ ਠਹਿਰਾਇਆ ਜਾਂਦਾ ਸੀ ਅਤੇ ਉਸ ਨੂੰ **ਮਾਰ** ਦਿੱਤਾ ਜਾਂਦਾ ਸੀ।

ਉਹ ਵਿਅਕਤੀ ਜਿਸ ਨੇ ਮੌਤ ਦੀ ਸਜ਼ਾ ਨੂੰ ਲਾਗੂ ਕਰਨਾ ਸੀ **ਖੂਨ ਦਾ ਬਦਲਾ ਲੈਣ ਵਾਲਾ** ਸੀ। ਮ੍ਰਿਤਕ ਦੇ ਇਸ ਨੇੜਲੇ ਰਿਸ਼ਤੇਦਾਰ ਦੀ ਇਹ ਜ਼ਿੰਮੇਵਾਰੀ ਬਣਦੀ ਸੀ ਕਿ ਉਹ ਆਪ **ਉਸ ਖੂਨੀ ਨੂੰ ਜਦ ਉਹ ਉਸ ਨੂੰ** [ਲੱਭੇ] **ਮਾਰ ਕੇ** ਨਿਆਂ ਨੂੰ ਯਕੀਨੀ ਬਣਾਵੇ।

**ਆਇਤਾਂ 22, 23.** ਦੂਜੇ ਪਾਸੇ, ਜੇਕਰ **ਦੁਸ਼ਮਣੀ ਤੋਂ ਬਿਨਾ** ਮਾਰਿਆ ਗਿਆ ਸੀ - ਜੇਕਰ ਇਹ ਘਟਨਾ ਅਚਾਣਕ ਵਾਪਰੀ ਸੀ, ਜਾਂ ਜੇਕਰ ਮਾਰਨ ਵਾਲਾ ਮਰਨ ਵਾਲੇ ਦੇ ਉੱਤੇ **ਘਾਤ ਲਾ ਕੇ** ਨਹੀਂ ਸੀ ਬੈਠਾ ਹੋਇਆ - ਤਾਂ ਮਾਰਨ ਵਾਲਾ ਖੂਨੀ ਨਹੀਂ ਸੀ। ਆਇਤ 23 ਦੱਸਦੀ ਹੈ ਕਿ ਉਹ ਜਿਸ ਨੇ **ਕੁਝ ਸੁੱਟਿਆ ਹੋਵੇ** ਜਾਂ ਕਿਸੇ ਨੂੰ ਡੇਗਣ ਦੇ ਲਈ **ਪੱਥਰ ਜਿਹ ਦੇ ਨਾਲ ਕੋਈ ਮਰ ਸੱਕੇ** ਸੁੱਟਿਆ ਹੋਵੇ ਖੂਨ ਦਾ ਦੋਸ਼ੀ ਨਹੀਂ ਸੀ ਜੇਕਰ ਉਹ ਉਸ ਦਾ **ਵੈਰੀ ਨਹੀਂ** ਸੀ ਜਿਹੜਾ ਮਰ ਗਿਆ ਸੀ ਅਤੇ **ਉਸ ਦਾ ਹਰਜਾ ਨਹੀਂ ਸੀ ਚਾਹੁੰਦਾ**।

**ਆਇਤਾਂ 24, 25. ਮੰਡਲੀ ਨੇ ਮਾਰਨ ਵਾਲੇ ਅਤੇ ਖੂਨ ਦਾ ਬਦਲਾ ਲੈਣ ਵਾਲੇ ਵਿੱਚ** ਫ਼ੈਸਲਾ ਕਰਨ ਦੇ ਲਈ **ਇਨ੍ਹਾਂ ਨਿਆਵਾਂ** ਦੀ ਵਰਤੋਂ ਕਰਨੀ ਸੀ। ਮਾਰਨ ਵਾਲੇ ਨੂੰ ਜਿਹੜਾ ਖੂਨ ਤੋਂ ਨਿਰਦੋਸ਼ ਸੀ ਬਦਲਾ ਲੈਣ ਵਾਲੇ ਦੇ ਹਵਾਲੇ ਨਹੀਂ ਸੀ ਕੀਤਾ ਜਾਣਾ। ਬਲਕਿ, ਉਸ ਨੂੰ ਬਦਲਾ ਲੈਣ ਵਾਲੇ ਦੇ ਹੱਥੋਂ **ਛੁਡਾਇਆ** ਅਤੇ **ਪਨਾਹ ਦੇ ਨਗਰ ਵਿੱਚ ਮੋੜਿਆ** ਜਾਣਾ ਸੀ।

## ਕਿਸੇ ਨੂੰ ਮਾਰਨ ਲਈ ਨਤੀਜਿਆਂ ਬਾਰੇ (35:25-34)

### ਖੂਨੀ ਲਈ ਨਤੀਜੇ (35:25-28)

**[25]ਅਤੇ ਮੰਡਲੀ ਉਸ ਖੂਨੀ ਨੂੰ ਬਦਲਾ ਲੈਣ ਵਾਲੇ ਦੇ ਹੱਥੋਂ ਛੁਡਾ ਕੇ ਉਸ ਨੂੰ ਉਸ ਦੇ ਪਨਾਹ ਦੇ ਨਗਰ ਵਿੱਚ ਮੋੜ ਦੇਵੇ ਜਿੱਥੇ ਨੂੰ ਉਹ ਨੱਠ ਗਿਆ ਸੀ ਅਤੇ ਉਸ ਵਿੱਚ ਸਰਦਾਰ ਜਾਜਕ ਦੀ ਮੌਤ ਤੀਕ ਜਿਹੜਾ ਪਵਿੱਤ੍ਰ ਤੇਲ ਨਾਲ ਮਸਹ ਹੋਇਆ ਹੈ ਵੱਸੇ। [26]ਅਤੇ ਜੇ ਕਦੀ ਉਹ ਖੂਨੀ ਪਨਾਹ ਦੇ ਨਗਰ ਦੀ ਹੱਦ ਤੋਂ ਬਾਹਰ ਜਿੱਥੇ ਨੂੰ ਉਹ ਨੱਠਾ ਸੀ ਜਾਵੇ [27]ਅਤੇ ਖੂਨ ਦਾ ਬਦਲਾ ਲੈਣ ਵਾਲਾ ਉਸ ਨੂੰ ਪਨਾਹ ਦੇ ਨਗਰ ਦੀ ਹੱਦੋਂ ਬਾਹਰ ਮਿਲੇ ਅਤੇ ਖੂਨ ਦਾ ਬਦਲਾ ਲੈਣ ਵਾਲਾ ਉਸ ਖੂਨੀ ਨੂੰ ਵੱਢ ਸੁੱਟੇ ਤਾਂ ਉਹ ਖੂਨ ਦਾ ਦੋਸ਼ੀ ਨਾ ਹੋਵੇਗਾ। [28]ਕਿਉਂ ਜੋ ਉਸ ਨੂੰ ਚਾਹੀਦਾ ਸੀ ਕਿ ਸਰਦਾਰ ਜਾਜਕ ਦੀ ਮੌਤ ਤੀਕ ਆਪਣੇ ਪਨਾਹ ਦੇ ਨਗਰ ਵਿੱਚ ਰਹਿੰਦਾ, ਪਰ ਸਰਦਾਰ ਜਾਜਕ ਦੀ ਮੌਤ ਪਿੱਛੋਂ ਉਹ ਖੂਨੀ ਆਪਣੀ ਮਿਲਖ ਦੀ ਧਰਤੀ ਵਿੱਚ ਮੁੜ ਜਾਵੇ।**

**ਆਇਤ 25.** ਉਹ ਵਿਅਕਤੀ ਜਿਸ ਨੇ ਕਿਸੇ ਨੂੰ ਮਾਰਿਆ ਸੀ ਅਤੇ ਉਹ ਖੂਨ ਦਾ ਦੋਸ਼ੀ ਨਹੀਂ ਸੀ ਪਾਇਆ ਗਿਆ ਪਰ ਫਿਰ ਵੀ ਉਸ ਨੂੰ ਉਸ ਦੇ ਇਸ ਕੰਮ ਦੇ ਨਤੀਜੇ ਭੁਗਤਣੇ ਪੈਂਦੇ ਸਨ। **ਸਰਦਾਰ ਜਾਜਕ ਦੀ ਮੌਤ ਤੀਕ** ਉਸ ਨੂੰ ਪਨਾਹ ਦੇ ਨਗਰ ਵਿਚ ਰਹਿਣਾ ਪੈਂਦਾ ਸੀ। ਜਦੋਂ ਨਵੇਂ ਸਰਦਾਰ ਜਾਜਕ ਨੂੰ **ਪਵਿੱਤ੍ਰ ਤੇਲ ਨਾਲ ਮਸਹ ਕੀਤਾ ਜਾਂਦਾ ਸੀ**, ਇਹ ਉਨ੍ਹਾਂ ਲੋਕਾਂ ਦੇ ਲਈ ਇਕ ਨਵੇਂ ਯੁੱਗ ਦੀ ਸ਼ੁਰੂਆਤ ਹੁੰਦੀ ਸੀ ਜਿਹੜੇ ਪਨਾਹ ਦੇ ਨਗਰ ਵਿਚ ਰਹਿੰਦੇ ਸਨ। ਇਹ ਉਨ੍ਹਾਂ ਦੇ ਸਮਾਜ ਤੋਂ ਵਿਛੋੜੇ ਦੇ ਕਾਰਜਕਾਲ ਦਾ ਅੰਤ ਹੁੰਦਾ ਸੀ।

**ਆਇਤਾਂ 26-28.** ਜੇਕਰ **ਖੂਨੀ** ਸਰਦਾਰ ਜਾਜਕ ਦੀ ਮੌਤ ਤੋਂ ਪਹਿਲਾਂ ਕਿਸੇ ਵੀ ਸਮੇਂ ਪਨਾਹ ਦੇ ਨਗਰ ਵਿੱਚੋਂ ਬਾਹਰ ਜਾਂਦਾ ਸੀ, **ਖੂਨ ਦਾ ਬਦਲਾ ਲੈਣ ਵਾਲਾ** ਬਿਨ੍ਹਾਂ ਦੋਸ਼ ਜਾਂ ਬਿਨ੍ਹਾਂ ਸਜ਼ਾ ਦੇ ਡਰ ਦੇ ਉਸ ਨੂੰ ਮਾਰ ਸਕਦਾ ਸੀ। ਅਜਿਹੀ ਹਾਲਤ ਵਿਚ, ਬਿਵਸਥਾ ਇਹ ਕਹਿੰਦੀ

ਸੀ ਕਿ **ਉਸ ਨੂੰ ਚਾਹੀਦਾ ਸੀ ਕਿ ਸਰਦਾਰ ਜਾਜਕ ਦੀ ਮੌਤ ਤੀਕ ਆਪਣੇ ਪਨਾਹ ਦੇ ਨਗਰ ਵਿੱਚ ਰਹਿੰਦਾ**। ਖ਼ੂਨੀ **ਨਗਰ ਦੀ ਹੱਦੋਂ ਬਾਹਰ** ਸੁਰੱਖਿਅਤ ਨਹੀਂ ਸੀ।

**ਸਰਦਾਰ ਜਾਜਕ ਦੀ ਮੌਤ ਤੋਂ ਬਾਅਦ**, ਖ਼ੂਨੀ ਉਸ ਦੇ ਆਪਣੇ ਘਰ ਵਿਚ, **ਆਪਣੀ ਮਿਲਖ ਦੀ ਧਰਤੀ** ਵਿਚ ਮੁੜ ਸਕਦਾ ਸੀ। ਉਸ ਸਮੇਂ ਤੱਕ, ਉਹ ਪਨਾਹ ਦੇ ਨਗਰ ਦੀ ਸੀਮਾ ਦੇ ਅੰਦਰ ਰਹਿੰਦਾ ਸੀ। ਸ਼ਾਇਦ, ਉਹ ਉਸ ਨਗਰ ਦੇ ਅੰਦਰ-ਅੰਦਰ ਅਜ਼ਾਦੀ ਨਾਲ ਘੁੰਮ ਫਿਰ ਸਕਦਾ ਸੀ, ਪਰ ਉਹ ਘਰ ਜਾਣ ਵਿਚ ਅਸਮਰੱਥ ਸੀ।

**ਕਾਤਲ ਲਈ ਨਤੀਜੇ (35:29-32)**

**[29]ਅਤੇ ਏਹ ਤੁਹਾਡੇ ਲਈ ਨਿਆਉਂ ਦੀ ਬਿਧੀ ਪੀੜ੍ਹੀਓਂ ਪੀੜ੍ਹੀ ਤੁਹਾਡਿਆਂ ਸਾਰਿਆਂ ਰਹਿਣ ਦਿਆਂ ਥਾਵਾਂ ਵਿੱਚ ਹੋਵੇ। [30]ਜੇ ਕੋਈ ਕਿਸੇ ਪ੍ਰਾਣੀ ਨੂੰ ਮਾਰੇ ਉਹ ਖ਼ੂਨੀ ਗਵਾਹਾਂ ਦੀ ਗਵਾਹੀ ਨਾਲ ਮਾਰਿਆ ਜਾਵੇ ਪਰ ਇੱਕੋ ਹੀ ਗਵਾਹ ਦੀ ਗਵਾਹੀ ਤੋਂ ਕੋਈ ਜਣਾ ਨਾ ਮਾਰਿਆ ਜਾਵੇ। [31]ਤੁਸੀਂ ਕਿਸੇ ਖ਼ੂਨੀ ਦੀ ਜਾਨ ਦਾ ਜੁਰਮਾਨਾ ਨਾ ਲਿਓ ਜੋ ਮੌਤ ਦਾ ਦੋਸ਼ੀ ਹੋਵੇ। ਉਹ ਜਰੂਰ ਹੀ ਮਾਰਿਆ ਜਾਵੇ। [32]ਤੁਸੀਂ ਕੋਈ ਜੁਰਮਾਨਾ ਉਸ ਲਈ ਨਾ ਲਿਓ ਜਿਹੜਾ ਆਪਣੇ ਪਨਾਹ ਨਗਰ ਨੂੰ ਨੱਠ ਗਿਆ ਹੋਵੇ ਅਤੇ ਉਹ ਮੁੜ ਕੇ ਆਪਣੇ ਦੇਸ ਵਿੱਚ ਜਾਜਕ ਦੀ ਮੌਤ ਤੋਂ ਪਹਿਲਾਂ ਆ ਵੱਸੇ।**

**ਆਇਤਾਂ 29, 30.** ਪਰਮੇਸ਼ੁਰ ਨੇ ਹੁਕਮ ਦਿੱਤਾ ਸੀ ਕਿ ਇਹ ਬਿਧੀਆਂ ਜੋ ਪਰਮੇਸ਼ੁਰ ਉਨ੍ਹਾਂ ਨੂੰ ਦੇ ਰਿਹਾ ਸੀ ਉਨ੍ਹਾਂ ਦੀ ਪਾਲਣਾ **ਪੀੜ੍ਹੀਓਂ ਪੀੜ੍ਹੀ ...** [ਇਸਰਾਏਲ ਦਿਆਂ] **ਸਾਰਿਆਂ ਰਹਿਣ ਦਿਆਂ ਥਾਵਾਂ ਵਿੱਚ ... ਨਿਆਉਂ ਦੀ ਬਿਧੀ** ਦੇ ਰੂਪ ਵਿਚ ਕੀਤੀ ਜਾਣੀ ਸੀ। ਉਸ ਦਾ ਨਿਯਮ ਸੀ ਕਿ **ਖ਼ੂਨੀ** ਨੂੰ, ਕਾਤਲ ਦੀ ਤੁਲਨਾ ਵਿਚ, **ਮਾਰਿਆ** ਜਾਣਾ ਸੀ। ਮੰਡਲੀ ਦੁਆਰਾ ਖ਼ੂਨੀ ਬਾਰੇ ਲਿਆ ਗਿਆ ਫ਼ੈਸਲਾ (35:24) **ਗਵਾਹਾਂ ਦੀ ਗਵਾਹੀ** ਦੁਆਰਾ ਦ੍ਰਿੜ੍ਹਤਾਪੂਰਵਕ ਪੱਕਾ ਕੀਤਾ ਗਿਆ ਸੀ। ਪਰਮੇਸ਼ੁਰ ਨੇ ਜ਼ੋਰ ਦਿੱਤਾ ਸੀ ਕਿ **ਇੱਕੋ ਹੀ ਗਵਾਹ ਦੀ ਗਵਾਹੀ ਤੋਂ ਕੋਈ ਜਣਾ ਨਾ ਮਾਰਿਆ ਜਾਵੇ** (ਵੇਖੋ ਬਿਵਸਥਾ ਸਾਰ 17:6; 19:15; ਇਬਰਾਨੀਆਂ 10:28)।

**ਆਇਤ 31. ਖ਼ੂਨੀ ਦੀ ਜਾਨ ਦਾ ਜੁਰਮਾਨਾ** ਸਵੀਕਾਰ ਨਹੀਂ ਸੀ ਕੀਤਾ ਜਾ ਸਕਦਾ (ਵੇਖੋ 2 ਸਮੂਏਲ 21:1-4)। ਦੂਜੇ ਸ਼ਬਦਾਂ ਵਿਚ, ਖ਼ੂਨੀ ਨੂੰ ਉਸ ਦੇ ਜੁਰਮ ਦੀ ਸਜ਼ਾ ਤੋਂ ਬਚਾਉਣ ਦੇ ਲਈ ਕੋਈ ਪੈਸਾ ਨਹੀਂ ਸੀ ਦਿੱਤਾ ਜਾ ਸਕਦਾ; ਉਸ ਨੇ **ਜਰੂਰ ਹੀ ਮਰਨਾ** ਸੀ। ਇਹ ਬਿਆਨ ਕਿ ਕਿਸੇ ਅਜਿਹੇ ਵਿਅਕਤੀ ਦੀ ਜੋ ਅਜਿਹੇ ਅਪਰਾਧ ਦਾ ਦੋਸ਼ੀ ਸੀ ਜਿਸ ਨੂੰ ਅਸੀਂ "ਪਹਿਲੀ ਡਿਗਰੀ ਦਾ ਕਤਲ" ਕਹਾਂਗੇ ਜਾਨ ਬਚਾਉਣ ਦੇ ਲਈ ਕੋਈ "ਜੁਰਮਾਨਾ" ਨਹੀਂ ਸੀ ਦਿੱਤਾ ਜਾ ਸਕਦਾ ਦਾ ਅਰਥ ਇਹ ਹੈ ਕਿ ਛੋਟੇ ਮੋਟੇ ਅਪਰਾਧਾਂ ਦੇ ਲਈ ਜੁਰਮਾਨਾ ਦਿੱਤਾ ਜਾ ਸਕਦਾ ਸੀ।

**ਆਇਤ 32.** ਇਸ ਤੋਂ ਇਲਾਵਾ, **ਜੁਰਮਾਨਾ** ਉਸ ਵਿਅਕਤੀ ਨੂੰ ਜਿਸ ਨੇ ਅਣਜਾਣੇ ਵਿਚ ਕਿਸੇ ਨੂੰ ਮਾਰ ਦਿੱਤਾ ਸੀ **ਪਨਾਹ ਦੇ ਨਗਰ** ਵਿੱਚੋਂ ਪਹਿਲਾਂ ਰਿਹਾਅ ਕਰਨ ਦੇ ਲਈ ਸਵੀਕਾਰ ਨਹੀਂ ਸੀ ਕੀਤਾ ਜਾਣਾ। ਇਕ ਵਾਰ ਜਦੋਂ ਖ਼ੂਨੀ ਪਨਾਹ ਦੇ ਨਗਰਾਂ ਵਿੱਚੋਂ ਕਿਸੇ ਇਕ ਨਗਰ ਵਿਚ ਪਨਾਹ ਲੈ ਲੈਂਦਾ ਸੀ, ਖ਼ੂਨ ਦਾ ਬਦਲਾ ਲੈਣ ਵਾਲੇ ਤੋਂ ਸੁਰੱਖਿਅਤ ਰਹਿਣ ਦੇ ਲਈ ਅਤੇ **ਜਾਜਕ ਦੀ ਮੌਤ ਤੋਂ ਪਹਿਲਾਂ** ਉਹ ਘਰ ਵਿਚ ਰਹਿਣ ਦੇ ਲਈ **ਮੁੜ ਕੇ ਆਪਣੇ ਦੇਸ ਵਿੱਚ** ਨਹੀਂ ਸੀ ਜਾ ਸਕਦਾ।

**ਧਰਤੀ ਲਈ ਨਤੀਜੇ (35:33, 34)**

**[33]ਤੁਸੀਂ ਉਸ ਧਰਤੀ ਨੂੰ ਭਰਿਸ਼ਟ ਨਾ ਕਰੋ ਜਿਹ ਦੇ ਵਿੱਚ ਤੁਸੀਂ ਹੋ, ਕਿਉਂ ਜੋ ਖ਼ੂਨ ਧਰਤੀ ਨੂੰ ਭਰਿਸ਼ਟ ਕਰਦਾ ਹੈ ਅਤੇ ਉਸ ਧਰਤੀ ਲਈ ਕੋਈ ਪਰਾਸਚਿਤ ਨਾ ਹੋਵੇ ਉਸ ਲਹੂ ਦੇ ਬਦਲੇ ਜਿਹੜਾ ਉਸ ਵਿੱਚ ਵਹਾਇਆ ਗਿਆ, ਬਿਨਾ ਉਸ ਖ਼ੂਨੀ ਦੇ ਲਹੂ ਦੇ। [34]ਤੁਸੀਂ ਉਸ ਧਰਤੀ ਨੂੰ ਜਿੱਥੇ ਤੁਸੀਂ ਵੱਸਦੇ ਹੋ ਅਸ਼ੁੱਧ ਨਾ ਕਰੋ ਅਤੇ ਜਿਹ ਦੇ ਵਿੱਚ ਮੈਂ ਵੱਸਦਾ ਹਾਂ ਕਿਉਂ ਜੋ ਮੈਂ ਯਹੋਵਾਹ ਇਸਰਾਏਲੀਆਂ ਦੇ ਵਿਚਕਾਰ ਵੱਸਦਾ ਹਾਂ।**

**ਆਇਤ 33.** ਪਰਜਾ ਨੇ ਕਿਸੇ ਨੂੰ ਜਾਨੋਂ ਨਹੀਂ ਸੀ ਮਾਰਨਾ ਕਿਉਂਕਿ **ਲਹੂ ਜਿਹੜਾ ਵਹਾਇਆ ਗਿਆ** ਸੀ ਧਰਤੀ ਨੂੰ ਭਰਿਸ਼ਟ ਕਰ ਦਿੰਦਾ ਸੀ। ਇਹੋ ਜਿਹੀ ਭਰਿਸ਼ਟਤਾ ਦਾ ਪਰਾਸਚਿਤ **ਬਿਨਾ ਲਹੂ**, ਜਾਂ ਬਿਨਾ ਉਸ ਦੀ ਮੌਤ ਤੋਂ ਨਹੀਂ ਸੀ ਕੀਤਾ ਜਾ ਸਕਦਾ ਜਿਸ ਨੇ ਲਹੂ ਵਹਾਇਆ ਸੀ।

**ਆਇਤ 34. ਧਰਤੀ** ਨੂੰ ਲਹੂ ਵਹਾਉਣ ਦੁਆਰਾ ਭਰਿਸ਼ਟ ਨਹੀਂ ਸੀ ਕੀਤਾ ਜਾਣਾ ਕਿਉਂਕਿ ਇਸ ਵਿਚ **ਯਹੋਵਾਹ ਇਸਰਏਲੀਆਂ ਦੇ ਵਿਚਕਾਰ** ਵੱਸਦਾ ਸੀ। ਪਰਮੇਸ਼ੁਰ ਦੀ ਹਜ਼ੂਰੀ ਦੇ ਕਾਰਣ ਧਰਤੀ ਪਵਿੱਤਰ ਸੀ, ਇਸ ਲਈ ਪਰਜਾ ਨੇ ਇਕ ਦੂਜੇ ਨੂੰ ਨਹੀਂ ਸੀ ਮਾਰਨਾ, ਨਾ ਹੀ ਜਾਣਬੁੱਝ ਕੇ ਅਤੇ ਨਾ ਹੀ ਅਣਜਾਣੇ ਵਿਚ।

# ਪ੍ਰਾਸੰਗਿਕਤਾ

**ਪਰਮੇਸ਼ੁਰ ਦੀਆਂ ਬਿਧੀਆਂ ਦੀ ਮਹੱਤਤਾ (ਅਧਿਆਇ 35)**

ਗਿਣਤੀ 35 ਅਧਿਆਇ ਵਿਚ ਪਾਈਆਂ ਜਾਣ ਵਾਲੀਆਂ ਬਿਧੀਆਂ ਹੇਠ ਲਿਖੀਆਂ ਸੱਚਾਈਆਂ ਦਾ ਉਦਾਹਰਣ ਦਿੰਦੀਆਂ ਹਨ ਅਤੇ/ਜਾਂ ਸਮਰਥਨ ਕਰਦੀਆਂ ਹਨ:

1. *ਮਨੁੱਖੀ ਜੀਵਨ ਦੀ ਪਵਿੱਤਰਤਾ*। ਮਨੁੱਖੀ ਜੀਵਨ ਇੰਨਾ ਪਵਿੱਤਰ ਸੀ ਕਿ ਜਿਹੜਾ ਵੀ ਇਸ ਨੂੰ ਜਾਣਬੁੱਝ ਕੇ ਮਾਰਦਾ ਸੀ ਉਸ ਨੂੰ ਜਾਨੋਂ ਮਾਰ ਦਿੱਤਾ ਜਾਣਾ ਸੀ। ਇਹ ਅਧਿਆਇ "ਤੂੰ ਖ਼ੂਨ ਨਾ ਕਰ" (ਕੂਚ 20:13; ਵੇਖੋ ਉਤਪਤ 9:5, 6) ਹੁਕਮ ਦੀ ਮਹੱਤਤਾ ਦਾ ਉਦਾਹਰਣ ਦਿੰਦਾ ਹੈ। ਮਨੁੱਖੀ ਜੀਵਨ ਇੰਨਾ ਖਾਸ ਸੀ ਕਿ ਜੇ ਕੋਈ ਕਿਸੇ ਨੂੰ ਸੰਜੋਗ ਨਾਲ ਮਾਰ ਦਿੰਦਾ ਸੀ ਤਾਂ ਮਾਰਨ ਵਾਲੇ ਨੂੰ ਇਹ ਸਜ਼ਾ ਦਿੱਤੀ ਜਾਂਦੀ ਸੀ ਕਿ ਉਸ ਨੂੰ ਸ਼ਾਇਦ ਕਈ ਸਾਲਾਂ ਤੱਕ ਪਨਾਹ ਦੇ ਨਗਰ ਵਿਚ ਰਹਿਣਾ ਪੈਂਦਾ ਸੀ।

2. *ਧਰਤੀ ਦੀ ਪਵਿੱਤਰਤਾ*। ਧਰਤੀ ਜਿਹੜੀ ਪਰਮੇਸ਼ੁਰ ਇਸਰਾਏਲੀਆਂ ਨੂੰ ਦੇਣ ਜਾ ਰਿਹਾ ਸੀ ਪਵਿੱਤਰ ਹੋਵੇਗੀ ਕਿਉਂਕਿ ਪਰਮੇਸ਼ੁਰ ਆਪਣੀ ਪਰਜਾ ਦੇ ਵਿਚ ਵੱਸਦਾ ਸੀ। ਇਸ ਅਧਿਆਇ ਵਿਚ ਮੌਤ ਨੂੰ ਭਰਿਸ਼ਟ ਵਜੋਂ ਵਿਖਾਇਆ ਗਿਆ ਹੈ। ਪਰਮੇਸ਼ੁਰ ਦੀ ਪਵਿੱਤਰ ਧਰਤੀ ਵਿਚ ਜਦੋਂ ਕੋਈ ਮੌਤ ਹੁੰਦੀ ਸੀ, ਇਹ ਧਰਤੀ ਨੂੰ ਭਰਿਸ਼ਟ ਕਰ ਦਿੰਦੀ ਸੀ।[6] ਇਸ ਲਈ, ਪਰਮੇਸ਼ੁਰ ਦੀ ਪਰਜਾ ਨੇ ਮਨੁੱਖੀ ਲਹੂ ਨੂੰ ਵਹਾਉਣ ਤੋਂ ਬਚਣ ਦੇ ਲਈ ਸਾਵਧਾਨ ਰਹਿਣਾ ਸੀ।

3. *ਪਰਾਸਚਿਤ, ਜਾਂ ਪਛਤਾਵੇ ਦੀ ਲੋੜ*। ਇਕ ਵਾਰ ਜਦੋਂ ਲਹੂ ਵਹਾਉਣ ਦੇ ਦੁਆਰਾ ਧਰਤੀ ਭਰਿਸ਼ਟ ਹੋ ਜਾਂਦੀ ਸੀ, ਤਾਂ ਉਸ ਦੇ ਲਈ ਪਰਾਸਚਿਤ ਕਰਨਾ ਪੈਂਦਾ ਸੀ। ਪਰਾਸਚਿਤ ਸਿਰਫ ਮੌਤ - ਜਾਂ ਤਾਂ ਕਾਤਲ ਦੀ ਮੌਤ ਜਾਂ ਪਰਧਾਨ ਜਾਜਕ ਦੀ ਮੌਤ - ਦੇ ਰਾਹੀਂ ਹੁੰਦਾ ਸੀ।

4. *ਬਿਧੀ ਦੀ ਨਿਰਪੱਖਤਾ*। ਮੌਤ ਦੇ ਸੰਬੰਧ ਵਿਚ ਜੋ ਬਿਧੀ ਪਰਮੇਸ਼ੁਰ ਨੇ ਦਿੱਤੀ ਸੀ ਉਸ ਦੀ ਨਿਰਪੱਖਤਾ ਨੂੰ ਯਕੀਨੀ ਬਣਾਉਣ ਦੇ ਲਈ ਉਸ ਦੇ ਵਿਚ ਚੈੱਕ ਅਤੇ ਬਕਾਏ ਸਨ। ਕਾਤਲ ਨੂੰ ਕੀਤੇ ਗਏ ਜੁਰਮ ਦੇ ਲਈ ਜਾਨੋਂ ਮਾਰਨਾ ਜਾਇਜ਼ ਸੀ; ਉਹ ਜਿਸ ਦਾ ਕਤਲ ਕੀਤਾ

ਗਿਆ ਸੀ ਉਸ ਦੇ ਨੇੜਲੇ ਰਿਸ਼ਤੇਦਾਰ ਦੇ ਲਈ ਕਾਤਲ ਨੂੰ ਮਾਰਨਾ ਵੀ ਜਾਇਜ਼ ਸੀ। ਇਸ ਦੇ ਨਾਲ ਹੀ, ਇਹ ਉਚਿਤ ਸੀ ਕਿ ਦੋਸ਼ੀ ਕਾਤਲ ਨੂੰ ਸਿਰਫ ਇੱਕੋ ਗਵਾਹ ਦੀ ਗਵਾਹੀ ਨਾਲ ਦੋਸ਼ੀ ਕਰਾਰ ਨਹੀਂ ਸੀ ਦਿੱਤਾ ਜਾ ਸਕਦਾ, ਪਰ ਉਸ ਨੂੰ ਪਨਾਹ ਦੇ ਨਗਰਾਂ ਵਿੱਚੋਂ ਕਿਸੇ ਇਕ ਨਗਰ ਵਿਚ ਨੱਠ ਕੇ ਜਾਣ ਦਿੱਤਾ ਜਾਂਦਾ ਸੀ ਅਤੇ ਉਸ ਦੇ ਕੋਲ ਉਸ ਦੇ ਦੋਸ਼ ਜਾਂ ਨਿਰਦੋਸ਼ਤਾ ਨੂੰ ਸਾਬਤ ਕਰਨ ਦੇ ਲਈ ਮੁਕੱਦਮਾ ਕਰਨ ਦਾ ਮੌਕਾ ਹੁੰਦਾ ਸੀ। ਇਹ ਵੀ ਉਚਿਤ ਸੀ ਕਿ ਕੋਈ ਵੀ ਵਿਅਕਤੀ ਜਿਸ ਨੇ ਕਿਸੇ ਨੂੰ ਅਣਜਾਣੇ ਵਿਚ ਮਾਰਿਆ ਸੀ ਉਸ ਦੀ ਪੇਸ਼ੀ ਪਨਾਹ ਦੇ ਨਗਰ ਵਿਚ ਹੋਣੀ ਚਾਹੀਦੀ ਸੀ ਅਤੇ ਕਾਤਲ ਅਤੇ ਖ਼ੂਨੀ ਵਿਚਕਾਰ ਫ਼ਰਕ ਦਰਸਾਉਣ ਦੇ ਲਈ ਵਰਤਿਆ ਜਾਣ ਵਾਲਾ ਮਾਪਦੰਡ ਨਿਰਪੱਖ ਸੀ। ਪਰਮੇਸ਼ੁਰ ਦੇ ਨਿਆਂ ਅਤੇ ਮਨੁੱਖੀ ਜੀਵਨ ਦਾ ਮੁੱਲ ਇਸ ਤੱਥ ਵਿਚ ਵੀ ਦਰਸਾਏ ਗਏ ਹਨ ਕਿ ਮਨੁੱਖ ਜਿਸ ਨੇ ਅਣਜਾਣੇ ਵਿਚ ਕਿਸੇ ਨੂੰ ਮਾਰਿਆ ਹੁੰਦਾ ਸੀ ਉਸ ਨੂੰ ਉਸ ਦੇ ਘਰੋਂ ਕੱਢ ਦਿੱਤਾ ਜਾਂਦਾ ਸੀ।

ਜਾਣਬੁੱਝ ਕੇ ਕੀਤੇ ਗਏ ਪਾਪ ਅਤੇ ਅਣਜਾਣੇ ਵਿਚ ਕੀਤੇ ਗਏ ਪਾਪ ਵਿਚਕਾਰ ਪਰਮੇਸ਼ੁਰ ਨੇ ਹਮੇਸ਼ਾ ਇਕ ਫ਼ਰਕ ਦਿਖਾਇਆ ਹੈ (ਵੇਖੋ 15:22-31; ਇਬਰਾਨੀਆਂ 10:26)। ਪੁਰਾਤਨ ਇਸਰਾਏਲ ਵਿਚ ਉਨ੍ਹਾਂ ਦੇ ਵਾਂਗ ਜਿਨ੍ਹਾਂ ਨੇ ਕਿਸੇ ਨੂੰ ਸੰਜੋਗ ਨਾਲ ਮਾਰਿਆ ਸੀ, ਪਸ਼ਚਾਤਾਪੀ ਪਾਪੀਆਂ ਕੋਲ ਅੱਜ ਸੁਰੱਖਿਆ ਦਾ ਇਕ ਆਸਰਾ ਹੈ। ਕਿਉਂਕਿ ਸਭਨਾਂ ਨੇ ਪਾਪ ਕੀਤਾ ਹੈ (ਰੋਮੀਆਂ 3:23), ਸਾਨੂੰ ਸਾਰਿਆਂ ਨੂੰ ਇਕ ਥਾਂ ਦੀ ਲੋੜ ਹੈ ਜਿੱਥੇ ਅਸੀਂ ਨੱਠ ਕੇ ਜਾ ਸਕੀਏ। ਪਨਾਹ ਮਸੀਹ ਵਿਚ ਮਿਲਦੀ ਹੈ, ਜਿਹੜਾ ਸਾਡਾ ਪਰਧਾਨ ਜਾਜਕ ਅਤੇ ਪਾਪ ਦੇ ਲਈ ਸਾਡਾ ਬਲੀਦਾਨ ਬਣਿਆ (ਵੇਖੋ ਇਬਰਾਨੀਆਂ 6:17-20)।

### ਮਸੀਹ ਦੀ ਪਨਾਹ (35:9-34)

ਜਦੋਂ ਯਿਸੂ ਸਲੀਬ ਦਾ ਸਾਹਮਣਾ ਕਰ ਰਿਹਾ ਸੀ, ਉਸ ਨੇ ਉਸ ਉੱਤੇ ਜੋ ਅਤਰ ਡੋਹਲਿਆ ਗਿਆ ਸੀ ਉਸ ਮੌਕੇ ਨੂੰ ਉਸ ਦੀ ਮੌਤ ਅਤੇ ਦਫ਼ਨਾਉਣ ਤੋਂ ਪਹਿਲਾਂ ਮਸਹ ਕਰਨ ਦੇ ਇਕ ਪ੍ਰਤੀਕ ਦੇ ਰੂਪ ਵਿਚ ਵੇਖਿਆ ਸੀ (ਮਰਕੁਸ 14:8)। ਇਬਰਾਨੀਆਂ ਦੇ ਲੇਖਕ ਨੇ ਆਖਿਆ ਸੀ ਕਿ ਆਪਣੀ ਆਗਿਆਕਾਰੀ ਦੇ ਰਾਹੀਂ ਯਿਸੂ ਉਨ੍ਹਾਂ ਸਭਨਾਂ ਦੇ ਲਈ ਜਿਹੜੇ ਉਹ ਦੇ ਆਗਿਆਕਾਰ ਹਨ ਮੁਕਤੀ ਦਾ ਸ੍ਰੋਤ ਬਣਿਆ (ਇਬਰਾਨੀਆਂ 5:7-10)। ਯਿਸੂ ਦੇ ਮਸਹ ਕੀਤੇ ਜਾਣ ਨੇ ਉਸ ਨੂੰ ਇਕ ਪੱਕੇ ਪਰਧਾਨ ਜਾਜਕ ਦੇ ਰੂਪ ਵਿਚ ਸਫ਼ਾਰਸ਼ ਬਣਨ ਦਿੱਤਾ (ਇਬਰਾਨੀਆਂ 7:23-27)। ਪੁਰਾਣੇ ਨੇਮ ਵਿਚ ਪਰਧਾਨ ਜਾਜਕ ਦੁਆਰਾ ਪਰਾਸਚਿਤ ਦੇ ਕਾਰਜ ਦੇ ਵਾਂਗ, ਯਿਸੂ ਦੀ ਮੌਤ ਨੇ ਪਰਮੇਸ਼ੁਰ ਦੇ ਸਾਡੇ ਵਿਰੁੱਧ ਕਿਸੇ ਵੀ ਵੈਰ ਨੂੰ ਖਤਮ ਕਰ ਦਿੱਤਾ ਸੀ (ਕੁਲੁੱਸੀਆਂ 2:13, 14)।

ਇਸਰਾਏਲੀਆਂ ਦੇ ਵਾਂਗ ਜਿਨ੍ਹਾਂ ਨੂੰ ਪਨਾਹ ਦੇ ਨਗਰ ਦੀ ਲੋੜ ਸੀ, ਸਾਨੂੰ ਅੱਜ ਯਿਸੂ ਦੀ ਲੋੜ ਹੈ। ਪੌਲੁਸ ਨੇ ਆਖਿਆ ਕਿ ਸਾਡੇ ਪਾਪ ਨੇ ਸਾਨੂੰ ਖ਼ਤਰੇ ਵਿਚ ਪਾ ਦਿੱਤਾ ਹੈ (ਰੋਮੀਆਂ 7:9-11)। ਸ਼ਤਾਨ ਸਾਡੇ ਪਿੱਛੇ ਪਿਆ ਹੋਇਆ ਹੈ। ਉਹ ਪਰਮੇਸ਼ੁਰ ਨਾਲ ਸਾਡੇ ਰਿਸ਼ਤੇ ਨੂੰ ਖਤਮ ਕਰਨਾ ਚਾਹੁੰਦਾ ਹੈ (ਰੋਮੀਆਂ 6:23; 7:24)। ਫਿਰ ਕੌਣ ਸਾਨੂੰ ਬਚਾ ਸਕਦਾ ਹੈ?

ਪਰਮੇਸ਼ੁਰ ਦੀ ਰੱਬੀ ਯੋਜਨਾ ਦੇ ਰਾਹੀਂ, ਉਸ ਨੇ ਸਾਨੂੰ ਪਨਾਹ ਦੀ ਇਕ ਥਾਂ ਦਿੱਤੀ ਹੈ। ਇਹ ਉਸ ਦੇ ਪੁੱਤਰ ਯਿਸੂ ਮਸੀਹ ਵਿਚ ਮਿਲਦੀ ਹੈ (ਇਬਰਾਨੀਆਂ 4:14-16; 6:18-20)। ਆਓ ਅਸੀਂ ਇਨ੍ਹਾਂ ਵਚਨਾਂ ਵਿਚ ਵਰਤੀ ਗਈ ਸ਼ਬਦਾਵਲੀ ਤੇ ਧਿਆਨ ਦੇਈਏ: "ਕਿਰਪਾ," "ਦਯਾ," "ਸਹਾਇਤਾ।" ਸੁਰੱਖਿਆ ਦੇ ਲਈ ਅਸੀਂ ਮਸੀਹ ਦੀ ਵੱਲ ਨੱਠਦੇ ਹਾਂ ਕਿਉਂਕਿ ਸ਼ਤਾਨ ਬੜੀ ਉਤੇਜਨਾ ਨਾਲ ਸਾਡਾ ਪਿੱਛਾ ਕਰ ਰਿਹਾ ਹੈ।

ਪਰਮੇਸ਼ੁਰ ਨਾ ਸਿਰਫ ਜੀਵਨ ਦੇ ਅੰਤ ਤੱਕ ਉਨ੍ਹਾਂ ਦੀ ਸੁਰੱਖਿਆ ਕਰਦਾ ਹੈ ਜਿਹੜੇ

ਵਫ਼ਾਦਾਰ ਹਨ, ਪਰ ਉਸ ਦੀ ਰੱਬੀ ਸੁਰੱਖਿਆ ਸਦੀਪਕ ਕਾਲ ਤੀਕ ਦੀ ਹੈ। ਪਰਕਾਸ਼ ਦੀ ਪੋਥੀ 21:27 ਅਤੇ 22:15 ਵਿਚ, ਯੂਹੰਨਾ ਨੇ ਆਖਿਆ ਸੀ ਕਿ ਕੋਈ ਵੀ ਪਾਪਪੂਰਣ ਅਤੇ ਹਾਨੀਕਾਰਕ ਵਸਤੂ ਸਦੀਪਕ ਪਨਾਹ ਦੇ ਸੁਰਗੀ ਨਗਰ ਵਿਚ ਦਾਖਲ ਨਹੀਂ ਹੋਵੇਗੀ। ਹੁਣ ਅਸੀਂ ਜਿੱਥੇ ਰਹਿ ਰਹੇ ਹਾਂ ਇਹ ਨਿਰਧਾਰਤ ਕਰੇਗਾ ਕਿ ਅਸੀਂ ਸਦੀਪਕ ਕਾਲ ਦੇ ਲਈ ਕਿੱਥੇ ਰਹਾਂਗੇ। ਸਾਨੂੰ ਇਹ ਨਿਰਧਾਰਤ ਕਰਨਾ ਚਾਹੀਦਾ ਹੈ ਕਿ ਅਸੀਂ ਮਸੀਹ ਵਿਚ ਪਾਈ ਜਾਣ ਵਾਲੀ ਪਨਾਹ ਦੇ ਅੰਦਰ ਜਾਂ ਬਾਹਰ ਹਾਂ। ਜਿਹੜੇ ਉਸ ਦੀ ਪਨਾਹ ਦੇ ਬਾਹਰ ਹਨ, ਉਨ੍ਹਾਂ ਕੋਲ ਉਸ ਦੇ ਵੱਲ ਨੱਠ ਕੇ ਜਾਣ ਦੇ ਲਈ ਹਾਲੇ ਵੀ ਸਮਾਂ ਹੈ।

**ਮੌਤ ਦੀ ਸਜ਼ਾ (35:16-21)**

ਮੂਸਾ ਦੀ ਸ਼ਰਾ ਵਿਚ, ਪਰਮੇਸ਼ੁਰ ਨੇ ਖ਼ੂਨੀ ਦੇ ਲਈ ਸਪੱਸ਼ਟ ਤੌਰ ਤੇ ਮੌਤ ਦੀ ਸਜ਼ਾ ਦਾ ਹੁਕਮ ਦਿੱਤਾ ਸੀ। ਨਵਾਂ ਨੇਮ ਕੋਈ ਵੱਖਰੀ ਸਿੱਖਿਆ ਨਹੀਂ ਦਿੰਦਾ। ਮਸੀਹੀ ਲੋਕਾਂ ਨੇ ਨਿੱਜੀ ਤੌਰ ਤੇ ਉਨ੍ਹਾਂ ਦੇ ਵੈਰੀਆਂ ਨੂੰ ਪਿਆਰ ਕਰਨਾ ਅਤੇ ਮਾਫ਼ ਕਰਨਾ ਹੈ ਅਤੇ ਉਨ੍ਹਾਂ ਦਾ ਭਲਾ ਕਰਨਾ ਹੈ ਜਿਹੜੇ ਉਨ੍ਹਾਂ ਦਾ ਬੁਰਾ ਕਰਦੇ ਹਨ। ਜਦ ਕਿ ਕਲੀਸੀਆ (ਆਤਮਿਕ ਇਸਰਾਏਲ) ਨੂੰ ਆਤਮਿਕ ਵੈਰੀਆਂ ਨਾਲ ਆਤਮਿਕ ਹਥਿਆਰਾਂ ਨਾਲ ਯੁੱਧ ਕਰਨ ਦੇ ਲਈ ਸੱਦਿਆ ਗਿਆ ਹੈ, ਇਸ ਨੂੰ ਧਰਮ-ਵਿਰੋਧੀਆਂ ਜਾਂ ਕਾਤਲਾਂ ਨੂੰ ਸਜ਼ਾ ਦੇਣ ਦਾ ਕੋਈ ਹੱਕ ਨਹੀਂ ਹੈ।

ਧਰਤੀ ਉੱਤੇ ਰਾਜ ਵੱਖ-ਵੱਖ ਹੁੰਦੇ ਹਨ। ਪੌਲੁਸ ਨੇ ਆਖਿਆ ਸੀ ਕਿ ਮਸੀਹੀ ਲੋਕਾਂ ਨੂੰ ਸਮਾਜਿਕ ਅਧਿਕਾਰੀਆਂ ਦਾ ਪਾਲਣ ਕਰਨਾ ਚਾਹੀਦਾ ਹੈ ਕਿਉਂਕਿ ਉਹ “ਤਲਵਾਰ ਲਾਏ ਹੋਏ ਹਨ,” ਜਿਸ ਦਾ ਅਰਥ ਇਹ ਹੈ ਕਿ ਉਨ੍ਹਾਂ ਕੋਲ ਇਸ ਤਰ੍ਹਾਂ ਕਰਨ ਦਾ ਪਰਮੇਸ਼ੁਰ ਦਾ ਦਿੱਤਾ ਹੋਇਆ ਅਧਿਕਾਰ ਹੈ (ਰੋਮੀਆਂ 13:1-7)। ਇਸ ਲਈ, ਬਾਈਬਲ ਦੇ ਦ੍ਰਿਸ਼ਟੀਕੋਣ ਤੋਂ, ਸਾਨੂੰ ਮੌਤ ਦੀ ਸਜ਼ਾ ਦਾ ਪਾਲਣ ਕਰਨ ਦੇ ਲਈ ਸਰਕਾਰਾਂ ਦੇ ਹੱਕ ਨੂੰ ਸਵੀਕਾਰ ਕਰਨਾ ਚਾਹੀਦਾ ਹੈ।

ਬੇਸ਼ੱਕ, ਮਸੀਹੀ ਵਿਅਕਤੀ ਇਸ ਗੱਲ ਦਾ ਫ਼ੈਸਲਾ ਕਰ ਸਕਦਾ ਹੈ ਕਿ ਉਹ ਇਸ ਰੀਤ ਵਿਚ ਹਿੱਸਾ ਪਾਉਣ ਚਾਹੁੰਦਾ ਹੈ ਜਾਂ ਨਹੀਂ। ਅੰਤਹਕਰਨ ਦੀ ਖ਼ਾਤਰ, ਉਹ ਉਹ ਵਿਅਕਤੀ ਬਣਨ ਤੋਂ ਇਨਕਾਰ ਕਰ ਸਕਦਾ ਹੈ ਜਿਹੜਾ ਅਸਲ ਵਿਚ ਲੀਵਰ ਖਿੱਚਦਾ ਹੈ ਜਾਂ ਕਿਸੇ ਨੂੰ ਮਾਰਨ ਦੇ ਲਈ ਦਵਾਈ ਦਿੰਦਾ ਹੈ। ਮਸੀਹੀ ਹੋਣ ਦੇ ਨਾਤੇ, ਕੁਝ ਲੋਕ ਮੌਤ ਦੀ ਸਜ਼ਾ ਦੇ ਵਿਰੁੱਧ ਦਲੀਲ ਦੇ ਸਕਦੇ ਹਨ ਕਿਉਂਕਿ ਅੱਜ ਇਸ ਦੀ ਪਾਲਣਾ ਇਸ ਆਧਾਰ ਤੇ ਕੀਤੀ ਜਾਂਦੀ ਹੈ ਕਿ ਇਹ ਸਹੀ ਤਰੀਕੇ ਨਾਲ ਨਹੀਂ ਦਿੱਤੀ ਜਾਂਦੀ ਹੈ। ਫਿਰ ਵੀ, ਅਸੀਂ ਇਹ ਦਲੀਲ ਨਹੀਂ ਦੇ ਸਕਦੇ ਕਿ ਬਾਈਬਲ ਇਸ ਦੇ ਲਈ ਮਨ੍ਹਾ ਕਰਦੀ ਹੈ।

---

## ਟਿੱਪਣੀਆਂ

[1]ਗੋਰਡਨ ਜੇ. ਵੈਨਹਮ, *ਗਿਣਤੀ,* ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1981) ਵਿਚ ਸਫ਼ੇ 232-34 ਤੇ। [2]ਰੌਏ ਗੇਨ, *ਲੇਵੀਆਂ ਦੀ ਪੋਥੀ, ਗਿਣਤੀ,* ਦ ਐਨਆਈਵੀ ਐਪਲੀਕੇਸ਼ਨ ਕਮੈਂਟਰੀ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ, 2004) ਵਿਚ ਸਫ਼ਾ 795 ਤੇ। [3]ਕੁਝ ਰੱਬੀਆਂ ਨੇ ਗਿਣਤੀ 35:5 ਦੇ “ਦੋ ਹਜ਼ਾਰ ਹੱਥ” ਨੂੰ ਸਬਤ ਦੇ ਦਿਨ ਦੀ ਵਾਟ, ਲਗਭਗ ¾ ਮੀਲ ਦੀ ਦੂਰੀ ਦਾ ਪਤਾ ਲਗਾਉਣ ਦੇ ਲਈ ਵਰਤਿਆ ਸੀ (ਵੇਖੋ ਰਸੂਲਾਂ ਦੇ ਕਰਤੱਬ 1:12)। [4]ਵੈਨਹਮ ਦੀ ਪੁਸਤਕ ਵਿਚ ਸਫ਼ਾ 234 ਤੇ ਚਿੱਤਰ ਵੇਖੋ। [5]ਜੌਨ ਐਚ. ਵਾਲਟਨ, ਵਿਕਟਰ ਐਚ. ਮੈਥਿਊਜ ਅਤੇ ਮਾਰਕ ਡਬਲਿਯੂ. ਚੈਵਾਲਾਸ, *ਦਿ ਆਈਵੀਪੀ ਬਾਈਬਲ ਬੈਕਗਰਾਊਂਡ ਕਮੈਂਟਰੀ: ਓਲਡ ਟੈਸਟਾਮੈਂਟ* (ਡਾਊਨਰਸ ਗਰੋਵ, ਇਲੀਨੋਇਸ: ਇੰਟਰਵਰਸਿਟੀ ਪ੍ਰੈਸ, 2000), 169-70. [6]ਡੈਨਿਸ ਟੀ. ਓਲਸਨ, *ਗਿਣਤੀ,* ਇੰਟਰਪ੍ਰੀਟੇਸ਼ਨ (ਲਾਊਸਵਿਲੇ: ਜੌਨ ਨੋਕਸ ਪ੍ਰੈਸ, 1996) ਵਿਚ ਸਫ਼ਾ 190 ਤੇ।